24-SEP-PAGE-1.qxd 9/23/2023 10:04 PM Page 1

ਐਤਵਾਰ, 24 ਸਤੰਬਰ, 2023
8 ਅੱਸੂ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 114

ਨਵਾਂ ਜ਼ਮਾਨਾ

DAILY NAWAN ZAMANA • SUNDAY, 24 SEPTEMBER, 2023 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

You Tube nawan zamana TV

ਕੀਮਤ/PRICE : 5.00 ਰੁਪਏ | Regd. No : Pb/JL-123/2021-23, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ 8+6=14

ਭਾਜਪਾ ਦੇ ਚਾਰ ਉਮੀਦਵਾਰ-ਈ ਡੀ, ਸੀ ਬੀ ਆਈ ਤੇ ਆਈ ਟੀ : ਖੜਗੇ

ਭਾਜਪਾ ਘਬਰਾ ਗਈ, ਕਾਂਗਰਸ ਵਰਕਰ ਬੱਬਰ ਸ਼ੇਰ : ਰਾਹੁਲ

ਜੈਪੁਰ : ਕਾਂਗਰਸ ਨੇ ਰਾਜਸਥਾਨ 'ਚ ਵਰਕਰ ਸੰਮੇਲਨ ਦੇ ਨਾਲ ਹੀ ਚੋਣ ਅਭਿਆਨ ਦੀ ਸ਼ੁਰੂਆਤ ਕਰ ਦਿੱਤੀ। ਜੈਪੁਰ 'ਚ ਵਰਕਰ ਸੰਮੇਲਨ 'ਚ ਕਾਂਗਰਸ ਨੇ ਵਾਅਦਾ ਕੀਤਾ ਕਿ ਜੇ ਕੇਂਦਰ 'ਚ ਸਰਕਾਰ ਆਉਂਦੀ ਹੈ ਤਾਂ ਮਹਿਲਾ ਰਾਖਵਾਂਕਰਨ ਤਤਕਾਲ ਦਿੱਤਾ ਜਾਵੇਗਾ। ਸੰਮੇਲਨ 'ਚ ਰਾਹੁਲ ਗਾਂਧੀ ਨੇ ਦੋਸ਼ ਲਾਇਆ ਕਿ ਕੇਂਦਰ ਸਰਕਾਰ ਦੇਸ਼ ਦਾ ਨਾਂਅ ਬਦਲਣਾ ਚਾਹੁੰਦੀ ਸੀ। ਉਹ ਇੰਡੀਆ ਦਾ ਨਾਂਅ ਭਾਰਤ ਕਰਨਾ ਚਾਹੁੰਦੇ ਸਨ, ਇਸ ਲਈ ਸੰਸਦ ਦਾ ਵਿਸ਼ੇਸ਼ ਸੈਸ਼ਨ ਬੁਲਾਇਆ ਸੀ, ਪਰ ਇਸ ਨੂੰ ਰੋਕ ਕੇ ਮਹਿਲਾ ਰਾਖਵਾਂਕਰਨ ਬਿੱਲ ਲਿਆਂਦਾ ਗਿਆ। ਉਨ੍ਹਾ ਕਿਹਾ ਕਿ ਪੂਰੀ ਆਪੋਜ਼ੀਸ਼ਨ ਨੇ ਮਹਿਲਾ ਰਾਖਵਾਂਕਰਨ ਬਿੱਲ ਦਾ ਸਮਰਥਨ ਕੀਤਾ। ਅਸੀਂ ਚਾਹੁੰਦੇ ਹਾਂ ਕਿ ਮਹਿਲਾ ਰਾਖਵਾਂਕਰਨ ਬਿੱਲ ਅੱਜ ਤੋਂ ਹੀ ਲਾਗੂ ਹੋਵੇ, ਪਰ ਭਾਜਪਾ 10 ਸਾਲ ਬਾਅਦ ਇਸ ਨੂੰ ਲਾਗੂ ਕਰਨਾ ਚਾਹੁੰਦੀ ਹੈ।

ਰਾਹੁਲ ਨੇ ਕਿਹਾ—ਹਿੰਦੁਸਤਾਨ 'ਚ ਕੀ ਹੋਵੇਗਾ, ਇਹ ਸਿਰਫ਼ 90 ਲੋਕ ਤੈਅ ਕਰਦੇ ਹਨ। ਅੱਜ ਦਾ ਹਿੰਦੁਸਤਾਨ ਉਹ ਹੀ ਚਲਾਉਂਦੇ ਹਨ। ਇਨ੍ਹਾਂ 90 'ਚ ਓ ਬੀ ਸੀ ਵਰਗ ਦੇ ਕੇਵਲ ਤਿੰਨ ਲੋਕ ਹਨ। ਰਾਹੁਲ ਨੇ ਦੋਸ਼ ਲਾਇਆ ਕਿ ਸਰਕਾਰ 'ਚ ਓ ਬੀ ਸੀ ਵਰਗ ਦੇ ਲੋਕਾਂ ਕੋਲ ਕੋਈ ਪਾਵਰ ਨਹੀਂ। ਉਨ੍ਹਾ ਇਸ ਮਾਮਲੇ ਨੂੰ ਲੈ ਕੇ ਆਵਾਜ਼ ਉਠਾਉਣ ਦੀ ਕੋਸ਼ਿਸ਼ ਕੀਤੀ, ਪਰ ਉਸ ਨੂੰ ਦਬਾਅ ਦਿੱਤਾ ਗਿਆ।

ਉਹਨਾ ਕਿਹਾ ਕਿ ਇਹ ਵਰਕਰਾਂ ਦਾ ਸੰਮੇਲਨ ਹੈ, ਦੂਰ-ਦੂਰ ਤੋਂ ਲੋਕ ਆਏ ਹਨ। ਜਿਸ ਤਰ੍ਹਾਂ ਰਾਜਸਥਾਨ 'ਚ ਰਣਥੰਭੌਰ ਹੈ ਅਤੇ ਉਥੇ ਇੱਕ ਸ਼ੇਰ ਨੂੰ ਦੇਖਣ ਲਈ ਕਈ ਘੰਟੇ ਲੱਗ ਜਾਂਦੇ ਹਨ, ਉਹ ਸ਼ੇਰ ਵੀ ਇੱਕ ਝਲਕ ਵਿਖਾ ਕੇ ਭੱਜ ਜਾਂਦਾ ਹੈ। ਮੈਂ ਪਹਿਲੀ ਵਾਰ ਦੇਖਿਆ, ਇੱਥੇ ਹਜ਼ਾਰਾਂ ਬੱਬਰ ਸ਼ੇਰ ਇੱਕੋ ਸਾਥ ਬੈਠੇ ਹਨ। ਨਫ਼ਰਤ ਦਾ ਬਾਜ਼ਾਰ ਨਹੀਂ, ਮੁਹੱਬਤ ਦੀ ਦੁਕਾਨ ਹੈ।

ਕਾਂਗਰਸ ਨੇਤਾ ਨੇ ਮਹਾਰਾਣੀ ਕਾਲਜ ਦੇ ਸਮਾਗਮ 'ਚ ਸ਼ਿਰਕਤ ਕੀਤੀ ਅਤੇ ਜੈਪੁਰ ਦੇ ਆਪਣੇ ਇੱਕ ਦਿਨਾ ਦੌਰੇ ਦੌਰਾਨ ਵਿਦਿਆਰਥਣਾਂ ਨਾਲ ਗੱਲਬਾਤ ਕੀਤੀ। ਵਿਦਿਆਰਥਣਾਂ ਨਾਲ ਕੁਝ ਦੇਰ ਗੱਲਬਾਤ ਕਰਨ ਤੋਂ ਬਾਅਦ ਉਹ ਹੈਲਮਟ ਪਾ ਕੇ ਸਕੂਟਰੀ 'ਤੇ ਬੈਠੇ। ਕੁੜੀ ਸਕੂਟਰੀ ਚਲਾ ਰਹੀ ਸੀ। ਉਹ ਸੁਰੱਖਿਆ ਕਾਫਲੇ ਦੇ ਵਿਚਕਾਰ ਸਕੂਟਰੀ 'ਤੇ ਕੁਝ ਦੂਰੀ ਤੱਕ ਗਏ।

ਰੈਲੀ ਨੂੰ ਸੰਬੋਧਨ ਕਰਦੇ ਹੋਏ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਕੇਂਦਰ ਦੀ ਭਾਜਪਾ ਸਰਕਾਰ 'ਤੇ ਨਿਸ਼ਾਨਾ ਲਾਉਂਦੇ ਕਿਹਾ ਕਿ ਅਸੀਂ ਸਿਰਫ਼ ਭਾਜਪਾ ਨਾਲ ਹੀ ਨਹੀਂ ਲੜ ਰਹੇ, ਚੋਣਾਂ 'ਚ ਭਾਜਪਾ ਨੇ ਸਾਡੇ ਖਿਲਾਫ਼ ਚਾਰ ਉਮੀਦਵਾਰ ਉਤਾਰੇ ਹਨ। ਇੱਕ ਉਨ੍ਹਾਂ ਦਾ ਆਪਣਾ ਹੈ, ਇੱਕ ਈ ਡੀ ਦਾ ਹੈ, ਇੱਕ ਸੀ ਬੀ ਆਈ ਦਾ ਹੈ ਅਤੇ ਇੱਕ ਇਨਕਮ ਟੈਕਸ ਦਾ ਹੈ। ਇਨ੍ਹਾਂ ਸਾਰਿਆਂ ਖਿਲਾਫ਼ ਅਸੀਂ

● ਬਾਕੀ ਸਫ਼ਾ 2 'ਤੇ

ਕਰਜ਼ੇ ਦੀ ਗੱਲ ਨਾ ਕਰਨ ਰਾਜਪਾਲ : ਚੀਮਾ

ਪਿਛਲੀਆਂ ਸਰਕਾਰਾਂ ਨੇ 3 ਲੱਖ ਕਰੋੜ ਦਾ ਕਰਜ਼ਾ ਵਿਰਾਸਤ 'ਚ ਦਿੱਤਾ

ਚੰਡੀਗੜ੍ਹ : ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਵੱਲੋਂ ਸਰਕਾਰ ਨੂੰ ਲਿਖੇ ਪੱਤਰ 'ਤੇ ਪ੍ਰਤੀਕਿਰਿਆ ਦਿੰਦਿਆਂ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਰਾਜਪਾਲ ਨੂੰ ਪੰਜਾਬ ਦੇ ਕਰਜ਼ੇ ਦੀ ਗੱਲ ਨਹੀਂ ਕਰਨੀ ਚਾਹੀਦੀ, ਕਿਉਂਕਿ ਪਿਛਲੀ ਅਕਾਲੀ-ਭਾਜਪਾ ਅਤੇ ਕਾਂਗਰਸ ਸਰਕਾਰ ਨੇ ਸਾਨੂੰ 3 ਲੱਖ ਕਰੋੜ ਰੁਪਏ ਦਾ ਕਰਜ਼ਾ ਵਿਰਾਸਤ ਵਿੱਚ ਦਿੱਤਾ ਹੈ। ਹਰਪਾਲ ਚੀਮਾ ਨੇ ਕਿਹਾ ਕਿ ਸਾਨੂੰ ਅਕਾਲੀ-ਭਾਜਪਾ ਅਤੇ ਕਾਂਗਰਸ ਸਰਕਾਰਾਂ ਵੱਲੋਂ ਪੰਜਾਬ 'ਤੇ ਥੋਪੇ ਗਏ ਕਰੀਬ 3 ਲੱਖ ਕਰੋੜ ਰੁਪਏ ਦੇ ਕਰਜ਼ੇ ਕਰਕੇ ਹਜ਼ਾਰਾਂ ਕਰੋੜ ਰੁਪਏ ਵਿਆਜ ਵਜੋਂ ਅਦਾ ਕਰਨੇ ਪੈ ਰਹੇ ਹਨ। ਕਰਜ਼ੇ ਦੀ ਕਿਸ਼ਤ ਅਤੇ ਵਿਆਜ ਅਦਾ ਕਰਨ ਦੇ ਬਾਵਜੂਦ 'ਆਪ' ਸਰਕਾਰ ਪੰਜਾਬ ਦੇ ਲੋਕਾਂ ਦੀ ਭਲਾਈ ਲਈ ਬਹੁਤ ਵਧੀਆ ਕੰਮ ਕਰ ਰਹੀ ਹੈ। ਉਨ੍ਹਾ ਕਿਹਾ ਕਿ ਰਾਜਪਾਲ ਨੂੰ ਏਸ ਕਰਕੇ ਪੱਤਰ ਲਿਖਿਆ ਗਿਆ ਹੈ, ਕਿਉਂਕਿ ਉਹ ਪੰਜਾਬ ਸਰਕਾਰ ਨੂੰ ਵਾਰ-ਵਾਰ ਪੱਤਰ ਲਿਖਦੇ ਹਨ। ਰਾਜਪਾਲ ਦੇ ਬਿਆਨ ਕਿ 'ਇਹ ਮਾਮਲਾ ਸੁਪਰੀਮ ਕੋਰਟ ਵਿੱਚ ਹੈ' ਦੇ ਜਵਾਬ ਵਿੱਚ ਚੀਮਾ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਆਰ ਡੀ ਐੱਫ ਫੰਡ ਜਾਰੀ ਕਰਨ ਲਈ ਕੇਂਦਰ ਸਰਕਾਰ ਨੂੰ ਕਈ ਵਾਰ ਪੱਤਰ ਲਿਖੇ ਹਨ। ਮੁੱਖ ਮੰਤਰੀ ਭਗਵੰਤ ਮਾਨ ਖੁਦ ਕੇਂਦਰੀ ਮੰਤਰੀ ਨੂੰ ਮਿਲ ਕੇ ਇਹ ਮੰਗ ਕਰ ਚੁੱਕੇ ਹਨ, ਪਰ ਕੇਂਦਰ ਸਰਕਾਰ ਵੱਲੋਂ ਕੋਈ ਜਵਾਬ ਨਾ ਮਿਲਣ ਕਾਰਨ ਪੰਜਾਬ ਸਰਕਾਰ ਨੂੰ ਸੁਪਰੀਮ ਕੋਰਟ ਤੱਕ ਜਾਣਾ ਪਿਆ।

ਉਨ੍ਹਾ ਰਾਜਪਾਲ ਨੂੰ ਅਪੀਲ ਕਰਦਿਆਂ ਕਿਹਾ ਕਿ ਪਿਛਲੇ ਕਈ ਸਾਲਾਂ ਤੋਂ ਆਰ ਡੀ ਐੱਫ ਦੇ ਪੈਸੇ ਨਾ ਮਿਲਣ ਕਾਰਨ ਪੰਜਾਬ ਦੇ ਪੇਂਡੂ ਖੇਤਰਾਂ ਦੇ ਵਿਕਾਸ ਕਾਰਜਾਂ ਵਿੱਚ ਭਾਰੀ ਰੁਕਾਵਟ ਆ ਰਹੀ ਹੈ।

ਜੇਕਰ ਰਾਜਪਾਲ ਨੂੰ ਸੱਚਮੁੱਚ ਹੀ ਪੰਜਾਬ ਦੀ ਚਿੰਤਾ ਹੈ ਤਾਂ ਉਨ੍ਹਾ ਨੂੰ ਪੰਜਾਬ ਦੇ ਰਾਜਪਾਲ ਵਜੋਂ ਆਪਣਾ ਫਰਜ਼ ਨਿਭਾਉਣਾ ਚਾਹੀਦਾ ਹੈ ਅਤੇ ਕੇਂਦਰ ਸਰਕਾਰ ਨਾਲ ਗੱਲ ਕਰਕੇ ਪੰਜਾਬ ਸਰਕਾਰ ਦੇ ਕਰੀਬ 5000 ਕਰੋੜ ਰੁਪਏ ਦੀ ਆਰ ਡੀ ਐੱਫ ਦੀ ਬਕਾਇਆ ਰਾਸ਼ੀ ਦਿਵਾਉਣ ਵਿਚ ਮਦਦ ਕਰਨੀ ਚਾਹੀਦੀ ਹੈ।

ਭਾਜਪਾ ਦੇ ਚੋਣ ਪ੍ਰਚਾਰ 'ਚੋਂ ਗਾਇਬ ਵਸੁੰਧਰਾ ਰਾਜੇ ਗਹਿਲੋਤ ਨਾਲ ਆਈ ਨਜ਼ਰ

ਜੈਪੁਰ : ਰਾਜਸਥਾਨ 'ਚ ਚੋਣ ਸਰਗਰਮੀਆਂ ਤੇਜ਼ ਹੋ ਗਈਆਂ ਹਨ। ਆਉਣ ਵਾਲੇ ਦਿਨਾਂ 'ਚ ਉਥੇ ਚੋਣਾਂ ਹੋਣ ਵਾਲੀਆਂ ਹਨ, ਜਿਸ ਨੂੰ ਲੈ ਕੇ ਸੱਤਾਧਾਰੀ ਕਾਂਗਰਸ ਪਾਰਟੀ ਅਤੇ ਆਪੋਜ਼ੀਸ਼ਨ ਭਾਜਪਾ ਇੱਕ-ਦੂਜੇ 'ਤੇ ਹਮਲੇ ਦਾ ਕੋਈ ਵੀ ਮੌਕਾ ਨਹੀਂ ਛੱਡ ਰਹੇ। ਹਾਲਾਂਕਿ ਇਸ ਦੌਰਾਨ ਇਸ ਤਰ੍ਹਾਂ ਦੀ ਇੱਕ ਤਸਵੀਰ ਸਾਹਮਣੇ ਆਈ, ਜਿਸ ਨੇ ਸਾਰਿਆਂ ਨੂੰ ਹੈਰਾਨ ਕਰ ਦਿੱਤਾ। ਇੱਕ ਪ੍ਰੋਗਰਾਮ 'ਚ ਰਾਜਸਥਾਨ ਦੇ ਮੁੱਖ ਮੰਤਰੀ ਅਸ਼ੋਕ ਗਹਿਲੋਤ ਅਤੇ ਭਾਜਪਾ ਦੀ ਨੇਤਾ ਅਤੇ ਸਾਬਕਾ ਮੁੱਖ ਮੰਤਰੀ ਵਸੁੰਧਰਾ ਰਾਜੇ ਸਾਥ ਨਜ਼ਰ ਆਏ। ਮੁੱਖ ਮੰਤਰੀ ਗਹਿਲੋਤ ਅਤੇ ਵਸੁੰਧਰਾ ਰਾਜੇ ਦੀ ਇਹ ਮੁਲਾਕਾਤ ਕਾਂਸਟੀਚਿਊਸ਼ਨਲ ਕਲੱਬ ਆਫ਼ ਰਾਜਸਥਾਨ ਦੇ ਉਦਘਾਟਨ ਮੌਕੇ ਹੋਈ। ਉਥੇ ਵਿਧਾਨ ਸਭਾ ਸਪੀਕਰ ਡਾ. ਸੀ ਪੀ ਜੋਸ਼ੀ ਅਤੇ ਐੱਲ ਓ ਪੀ ਰਾਜਿੰਦਰ ਰਾਠੌੜ ਸਮੇਤ ਹੋਰ ਲੋਕ ਵੀ ਮੌਜੂਦ ਸਨ। ਇਹ ਤਸਵੀਰ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਹੈ, ਜਿਸ ਤੋਂ ਬਾਅਦ ਰਾਜਸਥਾਨ ਦੀ ਰਾਜਨੀਤੀ 'ਚ ਹਲਚਲ ਵਧ ਗਈ ਹੈ। ਰਾਜਸਥਾਨ 'ਚ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਚੋਣ ਪ੍ਰਚਾਰ ਵੀ ਜ਼ੋਰਾਂ 'ਤੇ ਹੈ, ਪਰ ਭਾਜਪਾ ਨੇਤਾ ਤੇ ਦੋ ਵਾਰ ਮੁੱਖ ਮੰਤਰੀ ਰਹੀ ਵਸੁੰਧਰਾ ਰਾਜੇ ਦੀ ਇਸ 'ਚ ਸਰਗਰਮੀ ਕਿਤੇ ਦਿਖਾਈ ਨਹੀਂ ਦੇ ਰਹੀ। ਇਸ ਸਵਾਲ ਦਾ ਜਵਾਬ ਦੇਣ ਲਈ ਰਾਜਸਥਾਨ ਭਾਜਪਾ 'ਚ ਕੋਈ ਨਹੀਂ। ਇਹ ਸਾਫ਼ ਨਹੀਂ ਕਿ ਭਾਜਪਾ ਨੇ ਵਸੁੰਧਰਾ ਰਾਜੇ ਨੂੰ ਚੋਣਾਂ ਤੋਂ ਦੂਰ ਰੱਖਿਆ ਹੈ ਜਾਂ ਵਸੁੰਧਰਾ ਰਾਜੇ ਖੁਦ ਹੀ ਚੋਣਾਂ ਤੋਂ ਦੂਰ ਹੈ। ਵਸੁੰਧਰਾ ਨੇ ਹੁਣ ਤੱਕ ਭਾਜਪਾ ਦੀ ਪਰਿਵਰਤਨ ਯਾਤਰਾ ਅਤੇ ਵਿਧਾਨ ਸਭਾ ਚੋਣਾਂ ਨਾਲ ਜੁੜੇ ਕਿਸੇ ਵੀ ਮਸਲੇ 'ਤੇ ਇੱਕ ਵੀ ਟਵਿਟ ਤੱਕ ਨਹੀਂ ਕੀਤਾ। ਇਹ ਸਵਾਲ ਇਸ ਲਈ ਚਰਚਾ 'ਚ ਹੈ, ਕਿਉਂਕਿ ਰਾਜੇ ਆਪਣੇ ਇਲਾਕੇ ਝਾਲਾਵਾੜ 'ਚ ਵੀ ਨਹੀਂ ਪਹੁੰਚੀ । ਇਹ ਸਵਾਲ ਹੁਣ ਭਾਜਪਾ ਦੇ ਪ੍ਰਚਾਰ 'ਚ ਆਉਣ ਵਾਲੇ ਨੇਤਾਵਾਂ ਤੋਂ ਪੁੱਛਣ ਦਾ ਸਿਲਸਿਲਾ ਤੇਜ਼ ਹੋ ਗਿਆ ਹੈ। ਇਸ ਨੂੰ ਲੈ ਕੇ ਜਦ ਰਾਜਸਥਾਨ 'ਚ ਭਾਜਪਾ ਦੇ ਚੋਣ ਪ੍ਰਬੰਧ ਕਮੇਟੀਆਂ ਦੇ ਮੁਖੀਆ ਨਰਾਇਣ ਪੰਚਾਰਿਆ ਤੋਂ ਸਵਾਲ ਪੁੱਛਿਆ ਗਿਆ ਕਿ ਵਸੁੰਧਰਾ ਰਾਜਸਥਾਨ ਦੇ ਚੋਣ ਪ੍ਰਚਾਰ 'ਚ ਕਿਉਂ ਨਹੀਂ ਦਿਖਾਈ ਦੇ ਰਹੀ ਤਾਂ ਉਨ੍ਹਾ ਦਾ ਜਵਾਬ ਸੀ ਕਿ ਕੀ ਜੇ ਪੀ ਨੱਢਾ ਅਤੇ ਅਮਿਤ ਸ਼ਾਹ ਦਿਖਾਈ ਦੇ ਰਹੇ ਹਨ। ਵਸੁੰਧਰਾ ਵੀ ਰਾਸ਼ਟਰ ਪੱਧਰ ਦੀ ਨੇਤਾ ਹੈ ਅਤੇ ਵੱਡੇ ਚੋਣ ਪ੍ਰਚਾਰ 'ਚ ਜਾਵੇਗੀ।

ਐੱਨ ਆਈ ਏ ਵੱਲੋਂ ਗੁਰਪਤਵੰਤ ਪੰਨੂ ਦੀ ਚੰਡੀਗੜ੍ਹ ਤੇ ਅੰਮ੍ਰਿਤਸਰ 'ਚ ਜਾਇਦਾਦ ਜ਼ਬਤ

ਚੰਡੀਗੜ੍ਹ : ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ (ਐੱਨ ਆਈ ਏ) ਨੇ ਪਾਬੰਦੀਸ਼ੁਦਾ ਸੰਗਠਨ ਸਿੱਖ ਫਾਰ ਜਸਟਿਸ ਦੇ ਨੇਤਾ ਗੁਰਪਤਵੰਤ ਸਿੰਘ ਪੰਨੂ ਦੀਆਂ ਪੰਜਾਬ ਅਤੇ ਚੰਡੀਗੜ੍ਹ 'ਚ ਜਾਇਦਾਦਾਂ ਜ਼ਬਤ ਕਰ ਲਈਆਂ ਹਨ। ਪੰਨੂ ਕੈਨੇਡਾ ਅਤੇ ਹੋਰ ਦੇਸ਼ਾਂ 'ਚ ਭਾਰਤ ਵਿਰੋਧੀ ਗੱਲਾਂ ਕਰਦਾ ਰਹਿੰਦਾ ਹੈ। ਭਾਰਤ 'ਚ ਗੁਰਪਤਵੰਤ ਖਿਲਾਫ਼ ਦੇਸ਼ ਵਿਰੋਧੀ ਸਾਜ਼ਿਸ਼ ਸਮੇਤ ਕੁੱਲ 7 ਕੇਸ ਦਰਜ ਹਨ। ਕੈਨੇਡਾਂ ਨੂੰ ਵੀ ਇਸ ਦੀ ਕਈ ਵਾਰ ਜਾਣਕਾਰੀ ਦਿੱਤੀ ਗਈ ਹੈ। ਕੈਨੇਡਾ ਨੇ ਗੁਰਪਤਵੰਤ ਖਿਲਾਫ਼ ਕੋਈ ਕਾਰਵਾਈ ਨਹੀਂ ਕੀਤੀ। ਪੰਨੂ ਇਸ ਸਮੇਂ ਅਮਰੀਕਾ 'ਚ ਰਹਿ ਰਿਹਾ ਹੈ ਅਤੇ ਉਥੋਂ ਲਗਾਤਾਰ ਭਾਰਤ ਖਿਲਾਫ ਵੀਡੀਓ ਜਾਰੀ ਕਰਦਾ ਰਹਿੰਦਾ ਹੈ। ਦਰਅਸਲ ਉਸ ਦੀਆਂ ਸੰਪਤੀਆਂ ਚੰਡੀਗੜ੍ਹ ਅਤੇ ਅੰਮ੍ਰਿਤਸਰ 'ਚ ਹਨ। ਪੰਜਾਬ 'ਚ ਐੱਨ ਆਈ ਏ ਵੱਲੋਂ ਪੰਨੂ ਦੀਆਂ ਜਿਹੜੀਆਂ ਜਾਇਦਾਦਾਂ ਜ਼ਬਤ ਕੀਤੀਆਂ ਗਈਆਂ ਹਨ, ਉਨ੍ਹਾਂ 'ਚ ਅੰਮ੍ਰਿਤਸਰ ਜ਼ਿਲ੍ਹੇ ਦੇ ਬਾਹਰਵਾਰ ਸਥਿਤ ਜੱਦੀ ਪਿੰਡ ਖਾਨਕੋਟ 'ਚ 46 ਕਨਾਲ ਦੀ ਖੇਤੀ ਸੰਪਤੀ ਅਤੇ ਸੈਕਟਰ 15 ਸੀ, ਚੰਡੀਗੜ੍ਹ 'ਚ ਸਥਿਤ ਉਸ ਦਾ ਘਰ ਹੈ। ਜ਼ਬਤ ਕਰਨ ਦਾ ਮਤਲਬ ਇਹ ਹੈ ਕਿ ਹੁਣ ਪੰਨੂ ਦਾ ਜਾਇਦਾਦ 'ਤੇ ਹੱਕ ਖਤਮ ਹੋ ਗਿਆ ਹੈ ਅਤੇ ਇਹ ਜਾਇਦਾਦ ਹੁਣ ਸਰਕਾਰ ਦੀ ਹੈ। 2020 'ਚ ਵੀ ਉਸ ਦੀਆਂ ਜਾਇਦਾਦਾਂ ਕੁਰਕ ਕੀਤੀਆਂ ਗਈਆਂ ਸਨ, ਜਿਸ ਦਾ ਅਸਲ 'ਚ ਮਤਲਬ ਇਹ ਸੀ ਕਿ ਉਹ ਜਾਇਦਾਦ ਨੂੰ ਵੇਚ ਨਹੀਂ ਸਕਦਾ ਸੀ। ਇਸ ਕਦਮ ਤੋਂ ਬਾਅਦ ਪੰਨੂ ਨੇ ਜਾਇਦਾਦ ਦੇ ਮਾਲਕੀ ਹੱਕ ਖੋਹ ਲਏ ਹਨ। ਕਾਨੂੰਨੀ ਤੌਰ 'ਤੇ ਪੰਨੂ ਹੁਣ ਇਨ੍ਹਾਂ ਜਾਇਦਾਦਾਂ ਦਾ ਮਾਲਕ ਨਹੀਂ ਰਿਹਾ। ਇਹ ਜਾਇਦਾਦ ਹੁਣ ਸਰਕਾਰ ਦੀ ਹੈ।

ਕੈਨੇਡਾ 'ਚ 17 ਲੱਖ ਭਾਰਤੀ, ਦੋਵਾਂ ਦੇਸ਼ਾਂ ਲਈ ਰਿਸ਼ਤੇ ਸੁਧਰਨਾ ਜ਼ਰੂਰੀ : ਸ਼ਸ਼ੀ ਥਰੂਰ

ਨਵੀਂ ਦਿੱਲੀ : ਕੈਨੇਡਾ ਅਤੇ ਭਾਰਤ ਵਿਚਾਲੇ ਜਾਰੀ ਤਣਾਅ 'ਤੇ ਕਾਂਗਰਸੀ ਨੇਤਾ ਸ਼ਸ਼ੀ ਥਰੂਰ ਨੇ ਦੋਵਾਂ ਦੇਸ਼ਾਂ ਵਿਚਾਲੇ ਪੁਰਾਣੇ ਸੰਬੰਧਾਂ ਨੂੰ ਬਹਾਲ ਕਰਨ ਦੀ ਨਸੀਹਤ ਦਿੱਤੀ ਹੈ। ਉਨ੍ਹਾ ਕਿਹਾ ਕਿ ਭਾਰਤ-ਕੈਨੇਡਾ ਦੇ ਸੰਬੰਧ ਲੰਮੇ ਸਮੇਂ ਤੋਂ ਬੇਹੱਦ ਮਹੱਤਵਪੂਰਨ ਹਨ। ਮੌਜੂਦਾ ਵਿਵਾਦ ਨੂੰ ਸ਼ਾਂਤੀ ਅਤੇ ਪਰਪੱਕਤਾ ਨਾਲ ਹੱਲ ਕੀਤਾ ਜਾਣਾ ਚਾਹੀਦਾ ਹੈ, ਤਾਂ ਕਿ ਇਸ ਦਾ ਸੰਬੰਧਾਂ 'ਤੇ ਸਥਾਈ ਪ੍ਰਭਾਵ ਰਹੇ। ਉਨ੍ਹਾ ਕਿਹਾ ਕਿ ਮੈਨੂੰ ਲੱਗਦਾ ਹੈ ਕਿ ਭਾਰਤ-ਕੈਨੇਡਾ ਆਪਣੇ ਰਿਸ਼ਤਿਆਂ ਨੂੰ ਫਿਰ ਤੋਂ ਸੁਧਾਰਨਾ ਚਾਹੁਣਗੇ, ਕਿਉਂਕਿ ਅਸੀਂ ਲੰਮੇ ਸਮੇਂ ਤੋਂ ਜੁੜੇ ਰਹੇ ਹਾਂ।

ਤਾਜ਼ਾ ਵਿਵਾਦ ਇੱਕ ਦੋਸ਼ ਤੋਂ ਸ਼ੁਰੂ ਹੋਇਆ ਹੈ, ਜੋ ਜਸਟਿਨ ਟਰੂਡੋ ਨੇ ਲਾਏ ਹਨ, ਜੋ ਚੋਣਾਂ ਦਾ ਸਾਹਮਣਾ ਕਰਨ ਜਾ ਰਹੇ ਹਨ। ਮੈਨੂੰ ਲੱਗਦਾ ਕਿ ਦੋਵਾਂ ਦੇਸ਼ਾਂ ਵਿਚਾਲੇ ਸਬੰਧ ਬੇਹੱਦ ਮਹੱਤਵਪੂਰਨ ਹਨ, ਦੋਵੇਂ ਦੇਸ਼ ਇੱਕ-ਦੂਜੇ ਦੇ ਬਹੁਤ ਨੇੜੇ ਹਨ। ਕੈਨੇਡਾ 'ਚ ਵੱਡੀ ਗਿਣਤੀ ਭਾਰਤੀਆਂ ਦੀ ਆਬਾਦੀ ਦਾ ਜ਼ਿਕਰ ਕਰਦੇ ਹੋਏ ਉਨ੍ਹਾ ਕਿਹਾ ਕਿ ਭਾਰਤ ਨਾਲ ਕੈਨੇਡਾ ਦਾ ਪ੍ਰਮੁੱਖ ਵਪਾਰ ਸੰਬੰਧ ਹੈ। ਉਥੇ 17 ਲੱਖ ਭਾਰਤੀ ਰਹਿੰਦੇ ਹਨ। ਕੈਨੇਡਾ 'ਚ ਭਾਰਤੀ ਵਿਦਿਆਰਥੀਆਂ ਦੀ ਆਬਾਦੀ ਏਨੀ ਹੈ ਕਿ ਉਥੇ ਇੰਟਰਨੈਸ਼ਨਲ ਸਟੂਡੈਂਟ ਬਾਡੀ 'ਚ 40 ਫੀਸਦੀ ਭਾਰਤੀ ਵਿਦਿਆਰਥੀ ਹਨ। ਉਨ੍ਹਾ ਕਿਹਾ ਕਿ ਮੈਂ ਉਮੀਦ ਕਰਦਾ ਹਾਂ ਕਿ ਦੋਵੇਂ ਦੇਸ਼ ਪੁਰਾਣੇ ਸੰਬੰਧਾਂ ਨੂੰ ਫਿਰ ਤੋਂ ਬੇਹਤਰ ਕਰਨ ਲਈ ਸ਼ਾਂਤੀ ਨਾਲ ਗੱਲਬਾਤ ਕਰਨਗੇ।

ਦਮ ਘੁਟਣ ਕਾਰਨ 2 ਸ਼ਰਧਾਲੂਆਂ ਦੀ ਮੌਤ

ਨਵੀਂ ਦਿੱਲੀ : ਮਥੁਰਾ ਵਰਿੰਦਾਵਨ 'ਚ ਰਾਧਾ ਅਸ਼ਟਮੀ 'ਤੇ ਦਰਸ਼ਨ ਕਰਨ ਆਏ ਦੋ ਸ਼ਰਧਾਲੂਆਂ ਦੀ ਸ਼ਨੀਵਾਰ ਸਵੇਰੇ ਦਮ ਘੁਟਣ ਕਾਰਨ ਮੌਤ ਹੋ ਗਈ। ਇਹ ਘਟਨਾ ਲਾਡਲੀ ਮੰਦਰ 'ਚ ਪੂਜਾ ਦੌਰਾਨ ਹੋਈ। ਉਨ੍ਹਾਂ ਦੇ ਮ੍ਰਿਤਕ ਸਰੀਰਾਂ ਨੂੰ ਪੁਲਸ ਨੇ ਕਬਜ਼ੇ 'ਚ ਲੈ ਲਿ

24-SEP-PAGE-1.qxd 9/23/2023 10:05 PM Page 2

ਸੋਨਾਲੀ ਜੀਤ ਰਾਵਲ ਚੈਰੀਟੇਬਲ ਟਰੱਸਟ ਵੱਲੋਂ ਸ੍ਰੀ ਗਨੇਸ਼ ਚਤੁਰਥੀ ਮਨਾਈ

ਸਮਰਾਲਾ (ਸੁਰਜੀਤ ਸਿੰਘ)-ਸੋਨਾਲੀ ਜੀਤ ਰਾਵਲ ਚੈਰੀਟੇਬਲ ਟਰੱਸਟ, ਜੋ ਪਿਛਲੇ 10 ਸਾਲਾਂ ਤੋਂ ਸਮਾਜ ਦੇ ਵੱਖ-ਵੱਖ ਖੇਤਰਾਂ ਵਿਚ ਸਮਾਜ ਸੇਵਾ ਕਰ ਰਿਹਾ ਹੈ, ਵੱਲੋਂ ਸ੍ਰੀ ਗਨੇਸ਼ ਚਤੁਰਥੀ ਦਾ ਆਯੋਜਨ ਕੀਤਾ ਗਿਆ। ਭਜਨ ਮੰਡਲੀ ਵੰਲੋਂ ਧਾਰਮਿਕ ਗੀਤ ਪੇਸ਼ ਕੀਤੇ ਗਏ ਖਾਸ ਕਰਕੇ ਸ੍ਰੀ ਗਨੇਸ਼ ਜੀ ਦੇ ਗੀਤ ਵੀ ਪੇਸ਼ ਕੀਤੇ ਗਏ, ਜਿਨ੍ਹਾਂ ਨੇ ਇਕੱਠ ਨੂੰ ਮੋਹਿਤ ਕਰ ਦਿੱਤਾ। ਟਰੱਸਟ ਦੇ ਚੇਅਰਮੈਨ ਸ੍ਰੀ ਜੀਤ ਰਾਵਲ ਨੇ ਦੱਸਿਆ ਕਿ ਇਹ ਟਰੱਸਟ 10 ਸਾਲਾਂ ਤੋਂ ਵੀ ਵੱਧ ਸਮੇਂ ਤੋਂ ਸ੍ਰੀ ਗਨੇਸ਼ ਚਤੁਰਥੀ ਦਾ ਆਯੋਜਨ ਕਰ ਰਿਹਾ ਹੈ ਤੇ ਇਸ ਵਾਰ ਵੀ ਸ੍ਰੀ ਗਨੇਸ਼ ਜੀ 10 ਦਿਨਾਂ ਲਈ ਬਿਠਾਏ ਜਾਣਗੇ। ਭਜਨ ਮੰਡਲੀ ਵਿੱਚ ਟਰੱਸਟੀ ਬਿਮਲਾ ਰਾਣੀ, ਜਸਵੀਰ ਕੌਰ, ਸੁਮਨ ਸ਼ਰਮਾ, ਸੁਦੇਸ਼ ਸ਼ਰਮਾ, ਸਪਨਾ ਸ਼ਰਮਾ, ਆਸ਼ਾ ਸ਼ਰਮਾ, ਅਮਨਜੀਤ, ਉਮਾ, ਆਭਾ ਸ਼ਰਮਾ, ਕਾਂਤਾ ਖੁੱਲਰ ਤੇ ਸ਼ਿਖਾ ਮੈਨਰੋ ਆਦਿ ਨੇ ਗੀਤ ਪੇਸ਼ ਕੀਤੇ ਤੇ ਸੰਗਤ ਦਾ ਮਨ ਮੋਹ ਲਿਆ।

ਨਸ਼ਾ ਵਿਰੋਧੀ ਕਨਵੈਨਸ਼ਨ ਦੀਆਂ ਤਿਆਰੀਆਂ ਜ਼ੋਰਾਂ 'ਤੇ

ਜਗਰਾਉਂ (ਅਮਿਤ ਖੰਨਾ)-24 ਸਤੰਬਰ ਨੂੰ ਸਵੇਰੇ 11 ਵਜੇ ਮੰਦਰ ਵਾਲੀ ਧਰਮਸ਼ਾਲਾ ਵਿਖੇ ਹੋ ਰਹੀ ਨਸ਼ਾ ਵਿਰੋਧੀ ਕਨਵੈਨਸ਼ਨ ਦੀਆਂ ਤਿਆਰੀਆਂ ਜ਼ੋਰਾਂ 'ਤੇ ਹਨ। ਨਸ਼ਾ ਵਿਰੋਧੀ ਸਾਂਝਾ ਫਰੰਟ ਦੇ ਆਗੂ ਵਰਕਰਾਂ ਨੇ ਪਾਵਰਕਾਮ ਦਫ਼ਤਰ, ਪੰਜਾਬ ਰੋਡਵੇਜ ਦਫਤਰ, ਬਾਰ ਐਸੋਸੀਏਸ਼ਨ, ਆਟੋ ਵਰਕਰਜ ਯੂਨੀਅਨਾਂ, ਸਰਕਾਰੀ ਹਾਇਰ ਸੈਕੰਡਰੀ ਸਕੂਲ, ਟੈਕਸੀ ਅਪ੍ਰੇਟਰ ਵਰਕਰਾਂ, ਆਂਗਨਵਾੜੀ ਵਰਕਰਾਂ, ਸਫ਼ਾਈ ਕਾਮਿਆਂ ਨਾਲ ਕਨਵੈਨਸ਼ਨ ਦੇ ਉਦੇਸ਼ਾਂ ਸਬੰਧੀ ਚਰਚਾ ਕੀਤੀ। ਆਗੂਆਂ ਨੇ ਦੱਸਿਆ ਕਿ ਪੰਜਾਬ ਦੀ ਜਵਾਨੀ ਨੂੰ ਚਿੱਟੇ ਤੋਂ ਬਚਾਉਣ ਲਈ ਕਿਸਾਨ ਲਹਿਰ ਵਾਂਗ ਨਸ਼ਾ ਵਿਰੋਧੀ ਲਹਿਰ ਦੀ ਅਣਸਰਦੀ ਜ਼ਰੂਰਤ ਹੈ। ਕਨਵੈਨਸ਼ਨ ਵਿੱਚ ਨਸ਼ੇ 'ਤੇ ਲੱਗੇ ਨੌਜਵਾਨਾਂ ਨੂੰ ਇਸ ਬਿਮਾਰੀ ਤੋਂ ਬਚਾਉਣ, ਵੱਡੇ ਨਸ਼ਾ ਤਸਕਰਾਂ ਨੂੰ ਜੇਲ੍ਹਾਂ 'ਚ ਪੁਚਾਉਣ, ਸਿਆਸੀ ਆਗੂਆਂ, ਨਸ਼ਾ ਤਸਕਰਾਂ ਤੇ ਪੁਲਸ ਦਾ ਗਠਜੋੜ ਤੋੜਣ ਲਈ ਪਿੰਡ-ਪਿੰਡ ਰੈਲੀਆਂ, ਮੀਟਿੰਗਾਂ, ਨਾਟਕਾਂ ਦੀ ਮੁਹਿੰਮ ਚਲਾਈ ਜਾਵੇਗੀ। ਉਨਾਂ ਸਮੂਹ ਸਰਪੰਚ ਸਹਿਬਾਨ, ਪੰਚਾਇਤ ਮੈਂਬਰਾਨ, ਧਾਰਮਿਕ ਸੰਗਠਨਾਂ, ਸਮਾਜਿਕ ਤੇ ਖੇਡ ਕਲੱਬਾਂ ਨੂੰ ਇਸ ਕਨਵੈਨਸ਼ਨ 'ਚ ਪੁੱਜਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਨਸ਼ੇ ਸਮਾਜ 'ਚ ਜੁਰਮ ਤੇ ਅਰਾਜਕਤਾ ਨੂੰ ਪੈਦਾ ਕਰਕੇ ਲੋਕਾਂ ਦਾ ਅਮਨ ਚੈਨ ਭੰਗ ਕਰ ਰਹੇ ਹਨ। ਹਕੂਮਤਾਂ ਚਾਹੁੰਦੀਆਂ ਹਨ ਕਿ ਜਵਾਨੀ ਮਦਹੋਸ਼ ਰਹੇ। ਬੇਰੁਜ਼ਗਾਰੀ, ਸਸਤੀ ਪੜ੍ਹਾਈ, ਸਸਤੇ ਇਲਾਜ, ਮਹਿੰਗਾਈ ਤੇ ਲੁੱਟ ਖਿਲਾਫ਼ ਨਾ ਬੋਲੇ।

ਧੀ ਜੰਮੀ 'ਤੇ ਪਾਏ ਭੰਗੜੇ, ਵੰਡੇ ਲੱਡੂ

ਮਲੋਟ (ਗੁਰਮੀਤ ਸਿੰਘ ਮੱਕੜ)-ਸ਼ਹਿਰ ਦੇ ਇੱਕ ਪਰਿਵਾਰ ਵਲੋਂ ਉਨ੍ਹਾਂ ਦੇ ਘਰ ਧੀ ਦਾ ਜਨਮ ਹੋਣ 'ਤੇ ਘਰ ਪਹੁੰਚਣ 'ਤੇ ਜ਼ੋਰਦਾਰ ਸਵਾਗਤ ਕੀਤਾ ਗਿਆ। ਇਸ ਪਰਿਵਾਰ ਦੀ 6 ਸਾਲ ਬਾਅਦ ਵਾਹਿਗੁਰੂ ਅੱਗੇ ਅਰਦਾਸ ਪ੍ਰਵਾਨ ਹੋਈ ਤੇ ਇੱਕ ਧੀ ਵਲੋਂ ਉਨ੍ਹਾਂ ਘਰ ਜਨਮ ਲਿਆ ਗਿਆ ਅਤੇ ਪਰਿਵਾਰ ਵਲੋਂ ਘਰ ਵਿਚ ਵਿਆਹ ਵਰਗਾ ਮਾਹੌਲ ਸਿਰਜ ਦਿੱਤਾ ਗਿਆ। ਪਰਵਾਰ ਵਲੋਂ ਨਵਜੰਮੀ ਧੀ ਨੂੰ ਫੁੱਲਾਂ ਨਾਲ ਸਜੀ ਕਾਰ ਵਿਚ ਘਰ ਲਿਆਂਦਾ ਗਿਆ ਅਤੇ ਢੋਲ 'ਤੇ ਨੱਚ ਕੇ ਧੀ ਦਾ ਸ਼ਾਨਦਾਰ ਸਵਾਗਤ ਕੀਤਾ ਗਿਆ। ਉਸ ਦੇ ਆਉਣ ਦੀ ਖੁਸ਼ੀ ਵਿਚ ਪਰਵਾਰ ਵੱਲੋਂ ਫ਼ਰਸ਼ 'ਤੇ ਫੁੱਲਾਂ ਨਾਲ ਸਜਾਵਟ ਕੀਤੀ ਗਈ ਅਤੇ ਉਸ ਦੇ ਕਮਰੇ ਨੂੰ ਚੰਗੀ ਤਰ੍ਹਾਂ ਸਜਾਇਆ ਗਿਆ, ਜਿਸ ਨੇ ਧੀਆਂ ਪ੍ਰਤੀ ਸਮਾਜ ਦੀ ਸੋਚ ਨੂੰ ਬਦਲ ਕੇ ਰੱਖ ਕੇ ਦਿੱਤਾ। ਨਵਜੰਮੀ ਧੀ ਦੇ ਪਿਤਾ ਰੋਹਿਤ ਕਾਲੜਾ ਨੇ ਦੱਸਿਆ ਕਿ 6 ਸਾਲ ਬਾਅਦ ਵਾਹਿਗੁਰੂ ਵਲੋਂ ਉਨ੍ਹਾਂ ਦੀ ਅਰਦਾਸ ਸੁਣੀ ਗਈ ਅਤੇ ਪਰਿਵਾਰ ਦਾ ਇਹ ਫ਼ੈਸਲਾ ਸੀ ਕਿ ਇਸ ਧੀ ਦਾ ਸ਼ਾਨਦਾਰ ਤਰੀਕੇ ਨਾਲ ਸਵਾਗਤ ਕੀਤਾ ਜਾਵੇ। ਉਨ੍ਹਾਂ ਸਮਾਜ ਨੂੰ ਵੀ ਅਪੀਲ ਕੀਤੀ ਕਿ ਕੁੜੀ ਅਤੇ ਮੁੰਡੇ ਵਿਚ ਫ਼ਰਕ ਨਾ ਸਮਝਿਆ ਜਾਵੇ, ਕਿਉਂਕਿ ਕੁੜੀਆਂ ਮੁੰਡਿਆਂ ਨਾਲੋਂ ਕਿਸੇ ਵੀ ਖੇਤਰ ਵਿਚ ਘੱਟ ਨਹੀਂ ਹਨ।

ਡੇਂਗੂ ਖਿਲਾਫ਼ ਮੁਹਿਮ ਲਈ ਗਤੀਵਿਧੀਆਂ ਤੇਜ਼

ਰਾਮਪੁਰਾ ਫੂਲ (ਦਰਸ਼ਨ ਜਿੰਦਲ)-ਸਿਹਤ ਮੰਤਰੀ ਡਾ.ਬਲਬੀਰ ਸਿੰਘ ਤੇ ਸਿਵਲ ਸਰਜਨ ਬਠਿੰਡਾ ਡਾ.ਤੇਜਵੰਤ ਸਿੰਘ ਢਿੱਲੋਂ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਤੇ ਸੀਨੀਅਰ ਮੈਡੀਕਲ ਅਫ਼ਸਰ ਡਾ. ਗੁਰਮੇਲ ਸਿੰਘ ਦੀ ਅਗਵਾਈ ਹੇਠ ਬਲਾਕ ਬਾਲਿਆਂਵਾਲੀ 'ਚ ਹਰ ਸ਼ੁੱਕਰਵਾਰ ਡੇਂਗੂ 'ਤੇ ਵਾਰ ਮੁਹਿੰਮ ਤਹਿਤ ਵੱਖ-ਵੱਖ ਗਤੀਵਿਧੀਆਂ ਕੀਤੀਆਂ ਗਈਆਂ ਹਨ। ਇਸ ਮੁਹਿੰਮ ਦੇ ਨੋਡਲ ਅਫਸਰ ਡਾ. ਕਮਲਜੀਤ ਸਿੰਘ ਨੇ ਦੱਸਿਆ ਕਿ ਵੱਖ-ਵੱਖ ਪ੍ਰਾਈਵੇਟ ਲੈਬਾਰਟਰੀਆਂ ਅਤੇ ਹਸਪਤਾਲਾਂ ਵਿੱਚ ਡੇਂਗੂ ਦਾ ਲਾਰਵਾ ਚੈੱਕ ਕੀਤਾ ਗਿਆ ਤੇ ਲੋਕਾਂ ਨੂੰ ਜਾਗਰੂਕ ਕੀਤਾ ਗਿਆ। ਉਨ੍ਹਾਂ ਕਿਹਾ ਕਿ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਹਰ ਸ਼ੁੱਕਰਵਾਰ ਡਰਾਈ ਡੇਅ ਮਨਾਉਣ ਬਾਰੇ ਆਖਿਆ ਜਾਂਦਾ ਹੈ। ਹਰ ਹਫ਼ਤੇ ਇਸ ਦਿਨ ਘਰਾਂ 'ਚ ਪਏ ਕੂਲਰਾਂ, ਫਰਿੱਜਾਂ ਦੀਆਂ ਟ੍ਰੇਆਂ, ਗਮਲਿਆਂ, ਪਾਣੀ ਵਾਲੀਆਂ ਹੌਦੀਆਂ ਆਦਿ ਨੂੰ ਖਾਲੀ ਕਰਕੇ ਸੁਕਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਡੇਂਗੂ ਦਾ ਮੱਛਰ ਸਾਫ ਖੜੇ ਪਾਣੀ 'ਤੇ ਪਲਦਾ ਹੈ ਤੇ ਇਹ ਦਿਨ ਵੇਲੇ ਕੱਟਦਾ ਹੈ। ਬਲਾਕ ਸਿਹਤ ਸੁਪਰਵਾਈਜ਼ਰ ਪਵਨ ਕੁਮਾਰ ਨੇ ਦੱਸਿਆ ਕਿ ਪਿੰਡ ਬਾਲਿਆਂਵਾਲੀ 'ਚ ਤਪੇ ਵਾਲਿਆਂ ਦਾ ਹਸਪਤਾਲ, ਗਿੱਲ ਡੈਂਟਲ ਹਸਪਤਾਲ, ਦਸਮੇਸ਼ ਕਲੀਨਿਕ ਲੈਬੋਰਟਰੀ, ਬੀਕਾਨੇਰ ਲੈਬੋਰਟਰੀ ਤੇ ਸਿਵਲ ਪਸ਼ੂ ਹਸਪਤਾਲ ਆਦਿ ਡੇਂਗੂ ਲਾਰਵੇ ਸੰਬੰਧੀ ਚੈੱਕ ਕੀਤੇ ਗਏ ਹਨ।

ਵਿਦਿਆਰਥੀਆਂ ਨੇ ਲੋਕਾਂ ਨੂੰ ਟ੍ਰੈਫਿਕ ਨਿਯਮਾਂ ਪ੍ਰਤੀ ਕੀਤਾ ਜਾਗਰੂਕ

ਜਗਰਾਉਂ (ਸੰਜੀਵ ਅਰੋੜਾ)-ਸੀਟੀ ਯੂਨੀਵਰਸਿਟੀ ਵੱਲੋਂ ਲੁਧਿਆਣਾ ਪੁਲਸ ਦੇ ਸਹਿਯੋਗ ਨਾਲ ਆਰਤੀ ਚੌਕ ਵਿਖੇ ਇਕ ਟ੍ਰੈਫਿਕ ਜਾਗਰੂਕਤਾ ਡਰਾਈਵ ਦਾ ਆਯੋਜਨ ਕੀਤਾ ਗਿਆ। ਸੀਟੀ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੇ ਲੋਕਾਂ ਵਿੱਚ ਟ੍ਰੈਫਿਕ ਨਿਯਮਾਂ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਮੁਹਿੰਮ ਚਲਾਈ। ਇਸ ਮੌਕੇ ਲੁਧਿਆਣਾ ਪੁਲਸ ਦੇ ਏ.ਸੀ.ਪੀ. ਗੁਰਪ੍ਰੀਤ ਸਿੰਘ ਸਿੱਧੂ ਮੌਜੂਦ ਰਹੇ ਤੇ ਵਿਦਿਆਰਥੀਆਂ ਦੀ ਸ਼ਲਾਘਾ ਕੀਤੀ। ਟ੍ਰੈਫਿਕ ਨਿਯਮਾਂ ਦਾ ਪਾਲਣ ਕਰਨ ਵਾਲਿਆਂ ਨੂੰ ਤੋਹਫੇ ਵੀ ਵੰਡੇ ਗਏ ਤੇ ਉਹਨਾਂ ਦੀ ਪ੍ਰਸੰਸਾ ਵੀ ਕੀਤੀ ਗਈ। ਇਸ ਮੌਕੇ ਐਨ.ਐਸ.ਐਸ. ਪ੍ਰੋਗਰਾਮ ਕੋਆਰਡੀਨੇਟਰ ਹਰਵਿੰਦਰ ਸਿੰਘ ਸੋਹਲ, ਐਡਮਿਸ਼ਨ ਵਿਭਾਗ ਦੇ ਐਡੀਸ਼ਨਲ ਡਾਇਰੈਕਟਰ ਅਮਨਦੀਪ ਤਾਂਗੜੀ ਅਤੇ ਵਿਦਿਆਰਥੀ ਹਾਜ਼ਰ ਸਨ। ਇਹ ਹੀ ਨਹੀਂ ਵਿਦਿਆਰਥੀ ਭਲਾਈ ਵਿਭਾਗ ਦੇ ਸਹਿਯੋਗ ਨਾਲ ਐਨ. ਐਨ. ਐੱਸ. ਦੇ ਵਿਦਿਆਰਥੀਆਂ ਦੁਆਰਾ ਸਮਰਪਿਤ ਟ੍ਰੈਫਿਕ ਪੁਲਸ ਅਧਿਕਾਰੀਆਂ ਲਈ ਰੇਨਕੋਟ ਵੀ ਵੰਡੇ ਗਏ। ਇਸ ਦਾ ਮੁੱਖ ਉਦੇਸ਼ ਟ੍ਰੈਫਿਕ ਪੁਲਿਸ ਨੂੰ ਮੀਂਹ ਤੋਂ ਸੁਰੱਖਿਆ ਪ੍ਰਦਾਨ ਕਰਨਾ ਸੀ, ਜਿਸ ਨਾਲ ਉਹ ਪ੍ਰਤੀਕੂਲ ਮੌਸਮ ਵਿੱਚ ਵੀ ਆਪਣੀ ਡਿਊਟੀ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਨਿਭਾ ਸਕਣ। ਇਸ ਮੌਕੇ ਸੀਟੀ ਯੂਨੀਵਰਸਿਟੀ ਦੇ ਵਿਦਿਆਰਥੀ ਭਲਾਈ ਵਿਭਾਗ ਦੇ ਡਿਪਟੀ ਡਾਇਰੇਕਟਰ ਈ.ਆਰ. ਦਵਿੰਦਰ ਸਿੰਘ ਨੇ ਕਿਹਾ ਕਿ ਟ੍ਰੈਫਿਕ ਜਾਗਰੂਕਤਾ ਮੁਹਿੰਮ ਸੀਟੀ ਯੂਨੀਵਰਸਿਟੀ ਦੀ ਸਮਾਜ ਭਲਾਈ ਅਤੇ ਸੁਰੱਖਿਆ ਪ੍ਰਤੀ ਵਚਨਬੱਧਤਾ ਦਾ ਪ੍ਰਮਾਣ ਹੈ। ਟ੍ਰੈਫਿਕ ਨਿਯਮਾਂ ਬਾਰੇ ਜਾਗਰੂਕਤਾ ਪੈਦਾ ਕਰਨ ਅਤੇ ਟ੍ਰੈਫਿਕ ਪੁਲਿਸ ਨੂੰ ਮੀਂਹ ਤੋਂ ਸੁਰੱਖਿਆ ਪ੍ਰਦਾਨ ਕਰਨ ਲਈ ਵਿਦਿਆਰਥੀਆਂ ਦੇ ਯਤਨ ਸ਼ਲਾਘਾ ਯੋਗ ਹਨ।

ਸੰਤ ਰਾਮ ਉਦਾਸੀ ਸਕੂਲ 'ਚ ਨਸ਼ਿਆਂ ਤੇ ਸੜਕ ਸੁਰੱਖਿਆ ਬਾਰੇ ਕੀਤਾ ਜਾਗਰੂਕ

ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)-ਮਿਸ਼ਨ ਤੰਦਰੁਸਤ ਪੰਜਾਬ ਤਹਿਤ ਲੋਕ ਕਵੀ ਸੰਤ ਰਾਮ ਉਦਾਸੀ ਯਾਦਗਾਰੀ ਸੀਨੀਅਰ ਸੈਕੰਡਰੀ ਸਕੂਲ ਰਾਏਸਰ ਪੰਜਾਬ ਵਿਖੇ ਟ੍ਰੈਫਿਕ ਨਿਯਮਾਂ ਅਤੇ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਸਬੰਧੀ ਜਾਗਰੂਕ ਕੀਤਾ ਗਿਆ। ਸਕੂਲ ਇੰਚਾਰਜ ਮੈਡਮ ਮਨਜੀਤ ਕੌਰ ਮਾਨ ਦੀ ਅਗਵਾਈ ਹੇਠ ਹੋਏ ਇਸ ਸਮਾਗਮ ਵਿੱਚ ਡੀ.ਐੱਸ.ਪੀ ਮਹਿਲ ਕਲਾਂ ਕੰਵਲਪਾਲ ਸਿੰਘ ਬਾਜਵਾ ਅਤੇ ਇੰਸਪੈਕਟਰ ਕਮਲਜੀਤ ਸਿੰਘ ਗਿੱਲ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਉਨ੍ਹਾਂ ਵਿਦਿਆਰਥੀਆਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਦੱਸ ਕੇ ਨਸ਼ਾ ਨਾ ਕਰਨ ਲਈ ਪ੍ਰੇਰਿਤ ਕੀਤਾ ਅਤੇ ਚੰਗੇ ਇਨਸਾਨ ਬਣ ਕੇ ਪੜ੍ਹਾਈ 'ਚ ਮਨ ਲਗਾਉਣ ਲਈ ਕਿਹਾ। ਇਸ ਸਮਾਗਮ 'ਚ ਸਮੂਹ ਵਿਦਿਆਰਥੀਆਂ ਸਕਿੱਟ, ਗੀਤ, ਭਾਸ਼ਣ ਅਤੇ ਨਾਟਕ ਪੇਸ਼ ਕੀਤੇ। ਅਖੀਰ 'ਚ ਮੈਡਮ ਮਨਜੀਤ ਕੌਰ ਮਾਨ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਵਿਦਿਆਰਥੀਆਂ ਨੂੰ ਰਿਫਰੈੱਸ਼ਮੈਂਟ ਦਿੱਤੀ। ਇਸ ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਮੈਡਮ ਸਿਮਨਜੀਤ ਕੌਰ, ਮਮਤਾ ਰਾਣੀ, ਬੇਅੰਤ ਕੌਰ, ਹਰਪ੍ਰੀਤ ਕੌਰ, ਸਤਵੀਰ ਕੌਰ, ਸੋਨੀਆ ਗਰਗ, ਹਰਦੀਪ ਕੌਰ, ਰਕਸ਼ਾ ਰਾਣੀ, ਕੁਲਭੂਸ਼ਨ ਮੈਨਨ, ਹਰਬੰਸ ਸਿੰਘ, ਨਿਰਮਲ ਸਿੰਘ, ਜਗਤਾਰ ਸਿੰਘ, ਨਵਤੇਜ ਸਿੰਘ ਅਤੇ ਪੁਸ਼ਕਰ ਰਾਜ ਨੇ ਵਿਸ਼ੇਸ਼ ਯੋਗਦਾਨ ਪਾਇਆ।

ਅੰਤਰਰਾਸ਼ਟਰੀ ਸੀਨੀਅਰ ਸਿਟੀਜਨ ਦਿਵਸ ਪਹਿਲੀ ਨੂੰ

ਸੰਗਰੂਰ (ਪ੍ਰਵੀਨ ਸਿੰਘ)-ਬਨਾਸਰ ਬਾਗ ਵਿਖੇ ਸਥਿਤ ਮੁੱਖ ਦਫਤਰ ਵਿੱਚ ਸੀਨੀਅਰ ਸਿਟੀਜ਼ਨ ਭਲਾਈ ਸੰਸਥਾ ਦੀ ਕਾਰਜਕਾਰਨੀ ਕਮੇਟੀ ਦੀ ਮੀਟਿੰਗ ਪਾਲਾ ਮੱਲ ਸਿੰਗਲਾ ਦੀ ਪ੍ਰਧਾਨਗੀ ਹੇਠ ਹੋਈ। ਭੁਪਿੰਦਰ ਸਿੰਘ ਜੱਸੀ ਜਨਰਲ ਸਕੱਤਰ ਨੇ ਹਾਜ਼ਰ ਮੈਂਬਰਾਂ ਦਾ ਸਵਾਗਤ ਕੀਤਾ ਅਤੇ ਕਿਹਾ ਕਿ ਹਰ ਸਾਲ ਦੀ ਤਰ੍ਹਾਂ ਸੰਸਥਾ ਵੱਲੋਂ ਅੰਤਰਰਾਸ਼ਟਰੀ ਸੀਨੀਅਰ ਸਿਟੀਜਨ ਦਿਵਸ ਇੱਕ ਅਕਤੂਬਰ ਨੂੰ ਮਨਾਉਣ ਸਬੰਧੀ ਵਿਚਾਰਾਂ ਕਰਨੀਆਂ ਹਨ। ਪਧਾਨ ਨੇ ਦੱਸਿਆ ਕਿ ਸੰਸਥਾ ਦਫ਼ਤਰ ਦੀ ਦਿੱਖ ਸਵਾਰਨ ਦਾ ਕੰਮ ਸ਼ੁਰੂ ਹੋ ਚੁੱਕਾ ਹੈ। ਸੁਰਿੰਦਰ ਪਾਲ ਸਿੰਘ ਸਿਦਕੀ ਪ੍ਰੈਸ ਮੀਡੀਆ ਇੰਚਾਰਜ ਨੇ ਦੱਸਿਆ ਕਿ ਗੁਰਿੰਦਰਜੀਤ ਸਿੰਘ ਵਾਲੀਆ, ਸੁਧੀਰ ਵਾਲੀਆ, ਇੰਜ ਪ੍ਰਵੀਨ ਬਾਂਸਲ, ਨਰਾਤਾ ਰਾਮ ਸਿੰਗਲਾ, ਡਾ ਇਕਬਾਲ ਸਿੰਘ, ਸੱਤਦੇਵ ਸਰਮਾ, ਓ ਪੀ ਅਰੋੜਾ ਆਦਿ ਵੱਲੋਂ ਵੱਖ-ਵੱਖ ਸੁਝਾਅ ਦਿੱਤੇ ਗਏ। ਫੈਸਲਾ ਕੀਤਾ ਗਿਆ ਕਿ ਸੰਸਥਾ ਦੇ ਸੁਪਰ ਸੀਨੀਅਰ ਸਿਟੀਜ਼ਨ ਤੋਂ ਬਿਨਾਂ ਸ਼ਹਿਰ ਦੀਆਂ ਸਮਾਜ ਸੇਵੀ ਸ਼ਖ਼ਸੀਅਤਾਂ ਅਤੇ ਕੁਝ ਸਮਾਜਿਕ ਸੰਸਥਾਵਾਂ ਨੂੰ ਸਮਾਗਮ ਸਮੇਂ ਸਨਮਾਨਤ ਕੀਤਾ ਜਾਵੇਗਾ। ਇਸ ਦੇ ਨਾਲ ਹੀ ਸਤੰਬਰ ਮਹੀਨੇ ਵਾਲੇ ਸੰਸਥਾ ਮੈਂਬਰਾਂ ਦੇ ਜਨਮ ਦਿਨ ਵੀ ਮਨਾਏ ਜਾਣਗੇ। ਪਾਲਾ ਮੱਲ ਸਿੰਗਲਾ ਨੇ ਦੱਸਿਆ ਕਿ ਇਹ ਸਮਾਗਮ ਸਵੇਰੇ 10 ਵਜੇ ਸ਼ੁਰੂ ਹੋਵੇਗਾ ਤੇ ਸਮਾਗਮ ਦੇ ਮੁੱਖ ਮਹਿਮਾਨ ਅਮਨ ਅਰੋੜਾ ਕੈਬਨਿਟ ਮੰਤਰੀ ਪੰਜਾਬ ਸਰਕਾਰ ਹੋਣਗੇ। ਸਮਾਗਮ ਦੀ ਪ੍ਰਧਾਨਗੀ ਜਤਿੰਦਰ ਜੋਰਾਵਲ ਡਿਪਟੀ ਕਮਿਸਨਰ ਸੰਗਰੂਰ ਕਰਨਗੇ ਤੇ ਬੀਬਾ ਲਵਲੀਨ ਬੜਿੰਗ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਵਿਸ਼ੇਸ਼ ਮਹਿਮਾਨ ਹੋਣਗੇ। ਇਸ ਮੌਕੇ ਸਮਾਗਮ ਸਬੰਧੀ ਵੱਖ-ਵੱਖ ਪ੍ਰਬੰਧਾਂ ਲਈ ਕਮੇਟੀਆਂ ਦਾ ਗਠਨ ਕੀਤਾ ਗਿਆ। ਮੀਟਿੰਗ ਵਿੱਚ ਗਿਆਨ ਚੰਦ ਸਿੰਗਲਾ, ਪ੍ਰੇਮ ਚੰਦ ਗਰਗ, ਸੁਰਿੰਦਰ ਕੁਮਾਰ ਸ਼ੋਰੀ, ਅਵਿਨਾਸ ਸਰਮਾ, ਅਮਰਜੀਤ ਸਿੰਘ ਪਾਹਵਾ, ਜਗਜੀਤ ਸਿੰਘ, ਮਹਿੰਦਰ ਸਿੰਘ ਸੰਧੂ, ਸਤਵੰਤ ਸਿੰਘ ਮੌੜ, ਬਾਲ ਕ੍ਰਿਸ਼ਨ, ਸ੍ਰੀਮਤੀ ਸੰਤੋਸ਼ ਆਨੰਦ ਆਦਿ ਹਾਜ਼ਰ ਸਨ।

ਭਾਰਤ ਸਰਕਾਰ ਹੜ੍ਹਾਂ, ਲੈਂਡਸਲਾਈਡ ਤੇ ਸੋਕਾ ਪੀੜਤ ਖੇਤਰਾਂ ਲਈ ਰਾਹਤ ਪੈਕੇਜ ਦੇਵੇ : ਸੰਯੁਕਤ ਕਿਸਾਨ ਮੋਰਚਾ

ਮਾਨਸਾ (ਪਮਾਰ)-ਸੰਯੁਕਤ ਕਿਸਾਨ ਮੋਰਚੇ ਦੇ ਦੇਸ ਪੱਧਰੀ ਸੱਦੇ ਤਹਿਤ ਵੱਖ-ਵੱਖ ਥਾਈਂ ਡੀ ਸੀ ਦਫ਼ਤਰਾਂ ਅੱਗੇ ਧਰਨੇ ਦਿੰਦਿਆਂ ਮੋਰਚੇ ਦੀਆਂ ਲੀਡਿੰਗ ਟੀਮਾਂ ਵੱਲੋਂ ਡਿਪਟੀ ਕਮਿਸ਼ਨਰ ਰਾਹੀਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਨਾਂਅ ਮੰਗ ਪੱਤਰ ਭੇਜੇ ਗਏ ਮੰਗ ਪੱਤਰਾਂ ਰਾਹੀਂ ਭਾਰਤ ਸਰਕਾਰ ਤੋਂ ਸਾਰੇ ਕੁਦਰਤੀ ਆਫ਼ਤ ਪ੍ਰਭਾਵਤ ਸੋਕਾ ਗ੍ਰਸਤ, ਹੜ੍ਹਾਂ, ਜ਼ਮੀਨ ਖਿਸਕਣ ਵਰਗੀ ਤਬਾਹੀ ਦੀ ਮਾਰ ਹੇਠ ਆਏ ਰਾਜਾਂ ਤੇ ਕੇਂਦਰ ਸਾਸਤ ਪਰਦੇਸਾਂ ਖਾਸ ਕਰ ਹਿਮਾਚਲ ਪ੍ਰਦੇਸ, ਜੰਮੂ, ਕਸ਼ਮੀਰ, ਪੰਜਾਬ, ਹਰਿਆਣਾ, ਉਤਰਾਖੰਡ, ਦਿੱਲੀ, ਰਾਜਸਥਾਨ, ਉੱਤਰ ਪ੍ਰਦੇਸ ਤੇ ਆਸਾਮ ਨੂੰ ਰਾਸ਼ਟਰੀ ਆਫ਼ਤ ਘੋਸ਼ਿਤ ਕਰਕੇ ਢੁਕਵੇਂ ਰਾਹਤ ਪੈਕਜ ਪ੍ਰਦਾਨ ਕ

24-Sep-PAGE-11-Majha-2023.qxd 9/23/2023 10:31 PM Page 1

ਸੁਲਤਾਨਪੁਰ ਲੋਧੀ ਤੋਂ ਸਜੇ ਨਗਰ ਕੀਰਤਨ ਦਾ ਗੁਰਦਾਸਪੁਰ ਜ਼ਿਲ੍ਹੇ 'ਚ ਪਹੁੰਚਣ 'ਤੇ ਭਰਵਾਂ ਸਵਾਗਤ

ਬਟਾਲਾ (ਡਾ. ਮਲਵਿੰਦਰ ਸਿੰਘ)-ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਮਾਤਾ ਸੁਲੱਖਣੀ ਜੀ ਦੇ ਵਿਆਹ ਪੁਰਬ ਦੇ ਸਬੰਧ ਵਿੱਚ ਸ੍ਰੀ ਬੇਰ ਸਾਹਿਬ ਸੁਲਤਾਨਪੁਰ ਲੋਧੀ ਤੋਂ ਸਜੇ ਨਗਰ ਕੀਰਤਨ ਦਾ ਅੱਜ ਸ਼ਾਮ ਗੁਰਦਾਸਪੁਰ ਜ਼ਿਲ੍ਹੇ ਦੀ ਧਰਤੀ (ਨੇੜੇ ਅੱਡਾ ਆਦੋਵਾਲ) ਪਹੁੰਚਣ ਤੇ ਭਰਵਾਂ, ਸ਼ਾਨਦਾਰ ਤੇ ਨਿੱਘਾ ਸਵਾਗਤ ਕੀਤਾ ਗਿਆ।

ਇਸ ਮੌਕੇ ਪੰਜਾਬ ਸਰਕਾਰ ਦੀ ਤਰਫੋਂ ਬਟਾਲਾ ਦੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ, ਵਿਧਾਇਕ ਐਡਵੋਕੇਟ ਅਮਰਪਾਲ ਸਿੰਘ, ਡਿਪਟੀ ਕਮਿਸ਼ਨਰ ਗੁਰਦਾਸਪੁਰ ਡਾ. ਹਿਮਾਂਸ਼ੂ ਅਗਰਵਾਲ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ ਤੇ ਗੁਰੂ ਜੀ ਦਾ ਆਸ਼ੀਰਵਾਦ ਲਿਆ।

ਇਸ ਮੌਕੇ ਐੱਸਐੱਸਪੀ ਬਟਾਲਾ ਮੈਡਮ ਅਸ਼ਵਨੀ ਗੋਟਿਆਲ, ਡਾ. ਸ਼ਾਇਰੀ ਭੰਡਾਰੀ ਐੱਸਡੀਐੱਮ ਬਟਾਲਾ, ਗੁਰਪ੍ਰੀਤ ਸਿੰਘ ਐੱਸਪੀ (ਡੀ), ਤਹਿਸੀਲਦਾਰ ਅਭਿਸ਼ੇਕ ਵਰਮਾ, ਤਹਿਸੀਲਦਾਰ ਨਿਰਮਲ ਸਿੰਘ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਗੁਰਵਿੰਦਰਪਾਲ ਸਿੰਘ ਗੋਰਾ, ਗੁਰਤਿੰਦਰਪਾਲ ਸਿੰਘ ਮਾਂਟੂ ਅਤੇ ਪ੍ਰੰਧਕ ਕਮੇਟੀ ਦੇ ਮੈਂਬਰ ਮੌਜੂਦ ਸਨ।

ਐਡਵੋਕੇਟ ਅਮਰਪਾਲ ਨੇ ਸੰਗਤਾਂ ਦਾ ਸਵਾਗਤ ਕਰਦਿਆਂ ਗੁਰੂ ਸਾਹਿਬ ਦਾ ਆਸ਼ੀਰਵਾਦ ਲਿਆ।

ਕੁਰੂਕਸ਼ੇਤਰ ਵਿਖੇ ਧਰਮ ਪ੍ਰਚਾਰ ਲਹਿਰ ਤਹਿਤ ਵਿਸ਼ਾਲ ਗੁਰਮਤਿ ਸਮਾਗਮ ਆਯੋਜਿਤ

* ਸ਼੍ਰੋਮਣੀ ਕਮੇਟੀ ਹਰਿਆਣਾ ਅੰਦਰ ਸਿੱਖ ਮਿਸ਼ਨ ਨੂੰ ਕਰੇਗੀ ਹੋਰ ਮਜ਼ਬੂਤ:ਧਾਮੀ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਹਰਿਆਣਾ ਦੇ ਕੁਰੂਕਸ਼ੇਤਰ ਵਿਖੇ ਗੁਰਮਤਿ ਸਮਾਗਮ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਹਰਿਆਣਾ ਸੂਬੇ ਅੰਦਰ ਧਰਮ ਪ੍ਰਚਾਰ ਦੀ ਲਹਿਰ ਜ਼ੋਰਦਾਰ ਤਰੀਕੇ ਨਾਲ ਜਾਰੀ ਰੱਖੀ ਜਾਵੇਗੀ ਅਤੇ ਇਥੇ ਸਥਿਤ ਸਿੱਖ ਮਿਸ਼ਨ ਨੂੰ ਹੋਰ ਮਜ਼ਬੂਤ ਕੀਤਾ ਜਾਵੇਗਾ। ਸਿੱਖ ਮਿਸ਼ਨ ਹਰਿਆਣਾ ਰਾਹੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਗੁਰਮਤਿ ਸਮਾਗਮ ਵਿਚ ਸ਼ਮੂਲੀਅਤ ਕਰਨ ਪੁੱਜੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਹਰਿਆਣਾ ਦੀ ਸਰਕਾਰੀ ਗੁਰਦੁਆਰਾ ਕਮੇਟੀ 'ਤੇ ਵੀ ਤਿੱਖੇ ਸਵਾਲ ਉਠਾਏ। ਇਹ ਸਮਾਗਮ ਡੇਰਾ ਕਾਰ ਸੇਵਾ ਬਾਬਾ ਚਰਨ ਸਿੰਘ ਕੁਰੂਕਸ਼ੇਤਰ ਵਿਖੇ ਹੋਇਆ, ਜਿਸ ਵਿਚ ਸੂਬੇ ਦੀਆਂ ਵੱਡੀ ਗਿਣਤੀ ਸੰਗਤਾਂ ਨੇ ਹਾਜ਼ਰੀ ਭਰੀ।

ਆਪਣੇ ਸੰਬੋਧਨ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਧਾਮੀ ਨੇ ਆਖਿਆ ਕਿ ਹਰਿਆਣਾ ਸੂਬੇ ਅੰਦਰ ਵੱਸਦੀਆਂ ਸਿੱਖ ਸੰਗਤਾਂ ਨੂੰ ਗੁਰਮਤਿ ਨਾਲ ਜੋੜੀ ਰੱਖਣ ਲਈ ਪ੍ਰਚਾਰਕ ਜਥੇ ਲਗਾਤਾਰ ਕਾਰਜਸ਼ੀਲ ਹਨ। ਭਾਵੇਂ ਸਰਕਾਰ ਦੀਆਂ ਚਾਲਾਂ ਨਾਲ ਬਣੀ ਵੱਖਰੀ ਹਰਿਆਣਾ ਐਡਹਾਕ ਗੁਰਦੁਆਰਾ ਕਮੇਟੀ ਵੱਲੋਂ ਸ਼੍ਰੋਮਣੀ ਕਮੇਟੀ ਦੀ ਮਲਕੀਅਤ ਵਾਲੇ ਸਿੱਖ ਮਿਸ਼ਨ ਦੇ ਕਾਰਜਾਂ ਨੂੰ ਬਾਹਰ ਕਰ ਦਿੱਤਾ ਗਿਆ, ਪਰੰਤੂ ਸਿੱਖ ਸੰਸਥਾ ਵੱਲੋਂ ਆਪਣੇ ਪੱਧਰ 'ਤੇ ਮੁੜ ਪ੍ਰਬੰਧ ਕਰਕੇ ਸਿੱਖੀ ਪ੍ਰਚਾਰ ਨੂੰ ਵਿਧੀਵਤ ਅੱਗੇ ਵਧਾਇਆ ਜਾ ਰਿਹਾ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਨੇ ਇਕ ਜ਼ੁੰਮੇਵਾਰ ਸੰਸਥਾ ਹੁੰਦਿਆਂ ਇਕ ਸਿਧਾਂਤਕ ਲੜਾਈ ਲੜੀ ਹੈ। ਉਨ੍ਹਾਂ ਕਿਹਾ ਕਿ ਗੁਰੂ ਘਰਾਂ ਦਾ ਪ੍ਰਬੰਧ ਸਰਕਾਰੀ ਕਮੇਟੀਆਂ ਪੰਥਕ ਮਰਯਾਦਾ ਅਨੁਸਾਰ ਨਹੀਂ ਚਲਾ ਸਕਦੀਆਂ ਅਤੇ ਹੁਣ ਇਸ ਬਾਰੇ ਸਪੱਸ਼ਟ ਵੀ ਹੋ ਚੁੱਕਾ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਸਰਕਾਰਾਂ ਨਹੀਂ ਚਾਹੁੰਦੀਆਂ ਕਿ ਸਿੱਖ ਸ਼ਕਤੀ ਇਕੱਠੀ ਰਹੇ, ਇਸੇ ਕਰਕੇ ਸਾਰਾ ਜ਼ੋਰ ਸਿੱਖ ਸੰਸਥਾਵਾਂ ਨੂੰ ਤੋੜਨ ਅਤੇ ਸਿੱਖਾਂ ਨੂੰ ਵੰਡਣ ਵਿਚ ਲੱਗਾ ਹੋਇਆ ਹੈ। ਉਨ੍ਹਾਂ ਨੇ ਐਲਾਨ ਕੀਤਾ ਕਿ ਸ਼੍ਰੋਮਣੀ ਕਮੇਟੀ ਹਰਿਆਣਾ ਅੰਦਰ ਸੰਗਤਾਂ ਦੀਆਂ ਭਾਵਨਾਵਾਂ ਅਨੁਸਾਰ ਸਿੱਖੀ ਪ੍ਰਚਾਰ ਲਈ ਸਮਾਗਮਾਂ ਦਾ ਆਯੋਜਨ ਕਰਦੀ ਰਹੇਗੀ ਅਤੇ ਲੋੜ ਅਨੁਸਾਰ ਪ੍ਰਚਾਰਕ ਜਥੇ ਹਰ ਖੇਤਰ ਅੰਦਰ ਭੇਜੇ ਜਾਂਦੇ ਰਹਿਣਗੇ। ਸਮਾਗਮ ਮੌਕੇ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਬਲਦੇਵ ਸਿੰਘ ਕਾਇਮਪੁਰ ਨੇ ਵੀ ਸੰਬੋਧਨ ਕੀਤਾ ਅਤੇ ਰਾਗੀ, ਢਾਡੀ ਜਥਿਆਂ ਨੇ ਸੰਗਤ ਨੂੰ ਗੁਰਬਾਣੀ ਕੀਰਤਨ ਅਤੇ ਸਿੱਖ ਇਤਿਹਾਸ ਨਾਲ ਜੋੜਿਆ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਬਲਦੇਵ ਸਿੰਘ ਕਾਇਮਪੁਰ, ਮੈਂਬਰ ਹਰਭਜਨ ਸਿੰਘ ਮਸਾਣਾਂ, ਸਰਵਨ ਸਿੰਘ ਕੁਲਾਰ, ਤੇਜਿੰਦਰਪਾਲ ਸਿੰਘ ਢਿੱਲੋਂ, ਬੀਬੀ ਮਨਜੀਤ ਕੌਰ, ਸ਼ਰਨਜੀਤ ਸਿੰਘ ਸੋਥਾ, ਜਰਨੈਲ ਸਿੰਘ ਜ਼ਿਲ੍ਹਾ ਪ੍ਰਧਾਨ, ਪ੍ਰਧਾਨ ਸਿੰਘ ਆਸਟ੍ਰੇਲੀਆ, ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਬਲਵਿੰਦਰ ਸਿੰਘ ਕਾਹਲਵਾਂ, ਸੁਪ੍ਰਿੰਟੈਂਡੈਂਟ ਰਾਜਿੰਦਰ ਸਿੰਘ ਰੂਬੀ, ਬੀਬੀ ਸਰੋਜ, ਹਰਮੇਲ ਸਿੰਘ ਸ਼ੈਣੀ, ਅਮਰੀਕ ਸਿੰਘ ਜਨੈਤਪੁਰ, ਗੁਰਦੀਪ ਸਿੰਘ ਭਾਨੋਖੇੜੀ, ਬਾਬਾ ਅਮਰੀਕ ਸਿੰਘ ਪਟਿਆਲਾ ਵੱਲੋਂ ਬਾਬਾ ਕੁਲਦੀਪ ਸਿੰਘ, ਬਾਬਾ ਗੁਰਮੁੱਖ ਸਿੰਘ ਅਚਿੰਤਗੜ੍ਹ, ਇੰਚਾਰਜ ਕਰਤਾਰ ਸਿੰਘ, ਮੈਨੇਜਰ ਗੁਰਦੀਪ ਸਿੰਘ, ਸਿੱਖ ਮਿਸ਼ਨ ਹਰਿਆਣਾ ਦੇ ਇੰਚਾਰਜ ਬਲਦੇਵ ਸਿੰਘ ਓਗਰਾ, ਸਾਬਕਾ ਮੀਤ ਸਕੱਤਰ ਪਰਮਜੀਤ ਸਿੰਘ ਦੁਨੀਆਮਾਜਰਾ ਆਦਿ ਹਾਜ਼ਰ ਸਨ।

ਬਜ਼ੁਰਗ ਮਾਤਾ ਨੂੰ ਬੰਦੀ ਬਣਾ ਕੇ ਵਾਲੀਆਂ ਤੇ 50 ਹਜ਼ਾਰ ਨਕਦੀ ਲੁੱਟ ਕੇ ਫਰਾਰ

ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)-ਹਲਕਾ ਖੇਮਕਰਨ 'ਚ ਪੈਂਦੇ ਪਿੰਡ ਕਲਸੀਆਂ ਕਲਾਂ 'ਚ ਲੁਟੇਰਿਆਂ ਵੱਲੋਂ ਘਰ 'ਚ ਦਾਖਲ ਹੋ ਕੇ 100 ਸਾਲਾ ਬਜ਼ੁਰਗ ਮਾਤਾ ਨੂੰ ਬੰਦੀ ਬਣਾ ਕੇ ਲੁੱਟ ਦੀ ਵਾਰਦਾਤ ਨੂੰ ਅੰਜਾਮ ਦੇਣ ਦੀ ਖਬਰ ਸਾਹਮਣੇ ਆਈ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਲੁਟੇਰਿਆਂ ਨੇ ਬਜ਼ੁਰਗ ਮਾਤਾ ਦੇ ਮੂੰਹ ਵਿੱਚ ਰੁਮਾਲ ਦੇ ਕੇ ਮਾਤਾ ਦੇ ਕੰਨਾਂ ਦੀਆਂ ਵਾਲੀਆਂ ਅਤੇ 50 ਹਜ਼ਾਰ ਰੁਪਏ ਲੁੱਟ ਲਏ। ਇਸ ਮਾਮਲੇ ਸੰਬੰਧੀ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮਾਤਾ ਬਚਨ ਕੌਰ ਦੇ ਪੁੱਤਰ ਜਗਤਾਰ ਸਿੰਘ ਨੇ ਦੱਸਿਆ ਕਿ ਬੀਤੀ ਰਾਤ ਸਮਾਂ ਕਰੀਬ 1 ਕੁ ਵਜੇ ਕੁਝ ਲੁਟੇਰਿਆਂ ਨੇ ਉਨ੍ਹਾਂ ਦੇ ਘਰ 'ਚ ਦਾਖਲ ਹੋ ਕੇ ਬਰਾਂਡੇ 'ਚ ਸੁੱਤੀ ਬਜ਼ੁਰਗ ਮਾਂ ਨੂੰ ਬੰਦੀ ਬਣਾ ਲਿਆ।

ਜਗਤਾਰ ਸਿੰਘ ਨੇ ਦੱਸਿਆ ਕਿ ਲੁਟੇਰੇ ਕੱਪੜੇ ਦੀ ਰੱਸੀ ਬਣਾ ਕੇ ਮਾਤਾ ਦੇ ਹੱਥ-ਪੈਰ ਬੰਨ੍ਹ ਕੇ ਮੂੰਹ ਵਿੱਚ ਰੁਮਾਲ ਦੇਣ ਮਗਰੋਂ ਕੰਨਾਂ ਦੀਆਂ ਇੱਕ ਤੋਲਾ ਸੋਨੇ ਦੀਆਂ ਵਾਲੀਆਂ ਅਤੇ ਮੰਜੇ ਦੇ ਪਾਵੇ ਨਾਲ ਟੰਗੇ ਝੋਲੇ ਵਿੱਚੋਂ 50 ਹਜ਼ਾਰ ਦੇ ਕਰੀਬ ਨਕਦੀ ਲੁੱਟ ਕੇ ਫਰਾਰ ਹੋ ਗਏ। ਉਨ੍ਹਾਂ ਦੱਸਿਆ ਕਿ ਉਨ੍ਹਾਂ ਨੂੰ ਇਸ ਘਟਨਾ ਦਾ ਉਸ ਵੇਲੇ ਪਤਾ ਲੱਗਿਆ ਜਦੋਂ ਉਨ੍ਹਾਂ ਨੂੰ ਬਰਾਂਡੇ 'ਚੋਂ ਆਵਾਜ਼ ਸੁਣਾਈ ਦਿੱਤੀ। ਜਦੋਂ ਉਹ ਕਮਰੇ 'ਚੋਂ ਬਾਹਰ ਆਏ ਤਾਂ ਮਾਤਾ ਦੇ ਮੂੰਹ ਵਿੱਚ ਰੁਮਾਲ ਸੀ ਤੇ ਹੱਥ-ਪੈਰ ਬੰਨ੍ਹੇ ਹੋਏ ਸਨ ਅਤੇ ਉਹ ਗੰਭੀਰ ਰੂਪ ਵਿੱਚ ਜ਼ਖਮੀ ਸੀ। ਜਗਤਾਰ ਸਿੰਘ ਨੇ ਦੱਸਿਆ ਕਿ ਇਸ ਘਟਨਾ ਮਗਰੋਂ ਉਨ੍ਹਾਂ ਦੀ ਮਾਤਾ ਅਜੇ ਵੀ ਮਾਨਸਿਕ ਸਦਮੇ ਵਿੱਚ ਹੈ। ਜਗਤਾਰ ਸਿੰਘ ਨੇ ਦੱਸਿਆ ਕਿ ਲੁੱਟ ਦੀ ਵਾਰਦਾਤ ਨੂੰ ਅੰਜਾਮ ਦੇਣ ਵਾਲੇ ਵਿਅਕਤੀ ਦਾ ਇੱਕ ਪੈਰ ਦਾ ਬੂਟ ਤੇ ਲੱਕੜ ਦਾ ਬਾਲਾ ਉਨ੍ਹਾਂ ਦੇ ਘਰ ਹੀ ਰਹਿ ਗਿਆ ਹੈ।

ਇਸ ਮੌਕੇ ਜਗਤਾਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਇਸ ਮਾਮਲੇ ਸੰਬੰਧੀ ਪੁਲਸ ਨੂੰ ਲਿਖਤੀ ਦਰਖਾਸਤ ਦਿੱਤੀ ਹੈ, ਪ੍ਰੰਤੂ ਪੁਲਸ ਹੁਣ ਤੱਕ ਉਨ੍ਹਾਂ ਦੇ ਘਰ ਹੀ ਨਹੀਂ ਪਹੁੰਚੀ। ਉੱਧਰ ਇਸ ਮਾਮਲੇ ਸੰਬੰਧੀ ਥਾਣਾ ਮੁਖੀ ਭਿੱਖੀਵਿੰਡ ਬਲਜਿੰਦਰ ਸਿੰਘ ਦਾ ਕਹਿਣਾ ਹੈ ਕਿ ਉਹ ਮਾਮਲੇ ਦੀ ਬਰੀਕੀ ਨਾਲ ਜਾਂਚ-ਪੜਤਾਲ ਕਰਕੇ ਬਣਦੀ ਕਾਰਵਾਈ ਅਮਲ ਵਿੱਚ ਲਿਆਉਣਗੇ।

ਪੁਲ ਗਾਜ਼ੀਕੋਟ ਹੇਠਾਂ ਧੱਸਿਆ, ਕਿਸੇ ਸਮੇਂ ਵੀ ਵਾਪਰ ਸਕਦੈ ਕੋਈ ਵੱਡਾ ਹਾਦਸਾ

ਗੁਰਦਾਸਪੁਰ (ਜਨਕ ਮਹਾਜਨ)- ਗੁਰਦਾਸਪੁਰ-ਪੰਡੋਰੀ ਰੋਡ 'ਤੇ ਪੈਂਦੀ ਨਹਿਰ ਅਪਰ ਬਾਰੀ ਦੁਆਬ 'ਤੇ ਪੁਲ ਗਾਜ਼ੀਕੋਟ ਹੇਠਾਂ ਧੱਸਣ ਨਾਲ ਕਿਸੇ ਸਮੇਂ ਵੀ ਕੋਈ ਵੱਡਾ ਹਾਦਸਾ ਵਾਪਰ ਸਕਦਾ ਹੈ। ਪਿੰਡ ਧਾਰੀਵਾਲ ਖਿੱਚੀਆਂ ਦੇ ਵਾਸੀਆਂ ਦੀ ਗਰਾਮ ਪੰਚਾਇਤ ਨੇ ਆਪਣੇ ਪੱਧਰ 'ਤੇ ਸੀਮੈਂਟ ਦੀਆਂ 25 ਬੋਰੀਆਂ ਤੇ ਹੋਰ ਲੋੜੀਂਦੀ ਸਮੱਗਰੀ ਨਾਲ ਪੁਲ ਦੀ ਮੁਰੰਮਤ ਕਰਵਾਈ ਹੈ। ਉਘੇ ਉਦਯੋਗਪਤੀ ਬਲਵਿੰਦਰ ਸਿੰਘ ਅਤੇ ਜਸਵਿੰਦਰ ਸਿੰਘ ਟੋਨਾ ਨੇ ਦੱਸਿਆ ਕਿ ਪੁਲ ਨੂੰ ਕਰੀਬ ਲਗਭਗ 100 ਸਾਲ ਹੋ ਚੁੱਕੇ ਹਨ ਅਤੇ ਪੁਲ ਗਾਜ਼ੀਕੋਟ ਆਪਣੀ ਮੁਨਿਆਦ ਪੂਰੀ ਕਰ ਚੁੱਕਿਆ ਹੈ। ਉਨ੍ਹਾਂ ਦੱਸਿਆ ਕਿ ਪੁਲ ਨੂੰ ਨਵਾਂ ਬਣਾਉਣ ਵਾਸਤੇ ਸਮੇਂ ਸਮੇਂ ਦੀਆਂ ਸਰਕਾਰਾਂ ਨੂੰ ਬੇਨਤੀਆਂ ਤੇ ਮੰਗ ਪੱਤਰ ਵੀ ਸੌਂਪੇ ਗਏ ਹਨ ਪਰ ਸਭ ਅਣਗੌਲੇ ਗਏ। ਉਨ੍ਹਾਂ ਦੱਸਿਆ ਕਿ ਮਹਿਕਮੇ ਨੇ ਪੁਲ ਨੂੰ ਅਸੁੱਰਖਿਅਤ ਐਲਾਨਿਆਂ 20 ਸਾਲ ਤੋਂ ਜ਼ਿਆਦਾ ਸਮਾਂ ਹੋ ਗਿਆ ਹੈ। ਜਦੋਂਕਿ ਮਹਿਕਮੇ ਨੇ ਕਈ ਵਾਰ ਸਰਕਾਰਾਂ ਨੂੰ ਐਸਟੀਮੇਟ ਬਣਾ ਕੇ ਭੇਜੇ ਹਨ ਪਰ ਸਰਕਾਰ ਬਜਟ ਦੀ ਘਾਟ ਦੱਸ ਕੇ ਰਾਸ਼ੀ ਜਾਰੀ ਨਹੀਂ ਕਰਦੀ।

ਉਨ੍ਹਾਂ ਦੱਸਿਆ ਕਿ ਮਹਿਕਮਾ ਲੋਕ ਨਿਰਮਾਣ ਗੁਰਦਾਸਪੁਰ ਇਸ ਪੁਲ ਦਾ ਕਈ ਵਾਰ ਨਿਰੀਖਣ ਕਰ ਚੁੱਕਿਆ ਹੈ ਪਰ ਫ਼ਿਰ ਵੀ ਅਣਦੇਖਿਆ ਕਰ ਦਿੱਤਾ ਜਾਂਦਾ ਹੈ। ਉਨ੍ਹਾਂ ਨੇ ਪੰਜਾਬ ਦੇ ਮੁੱਖ ਮੰਤਰੀ ਪਾਸੋਂ ਮੰਗ ਕੀਤੀ ਕਿ ਗੁਰਦਾਸਪੁਰ-ਪੰਡੋਰੀ ਰੋਡ 'ਤੇ ਬਣੀ ਨਹਿਰ ਅਪਰ ਬਰੀ ਦੁਆਬ ਦੇ ਪੁਲ ਨੂੰ ਨਵਾਂ ਬਣਾਉਣ ਵਾਸਤੇ ਲੋਕ ਨਿਰਮਾਣ ਵਿਭਾਗ ਨੂੰ ਗਰਾਂਟ ਜਾਰੀ ਕੀਤੀ ਜਾਵੇ ਜਿਸ ਨਾਲ ਪੁਲ ਦਾ ਨਿਰਮਾਣ ਹੋ ਸਕੇ।

ਮਾਮਲਾ ਭਾਰਤ-ਕੈਨੇਡਾ ਵਿਚਾਲੇ ਪੈਦਾ ਹੋਈ ਕੜਵਾਹਟ ਦਾ

ਮੋਦੀ ਸਰਕਾਰ ਵੱਲੋਂ ਵੀਜ਼ਿਆਂ 'ਤੇ ਪਾਬੰਦੀ ਲਾਉਣਾ ਜਮਹੂਰੀਅਤ ਵਿਰੋਧੀ ਕਾਰਵਾਈ : ਬੱਖਤਪੁਰਾ

ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਸੀਪੀਆਈ ਐੱਮਐੱਲ ਲਿਬਰੇਸ਼ਨ ਨੇ ਭਾਰਤ ਅਤੇ ਕੈਨੇਡਾ ਦੇ ਸਬੰਧਾਂ ਵਿੱਚ ਬਣ ਰਹੀ ਕੜਵਾਹਟ ਨੂੰ ਦੋਵਾਂ ਦੇਸ਼ਾਂ ਲਈ ਖਾਸਕਰ ਭਾਰਤ ਲਈ ਬੇਹੱਦ ਮੰਦਭਾਗੀ ਦੱਸਿਆ ਹੈ। ਪ੍ਰੈੱਸ ਨਾਲ ਗੱਲਬਾਤ ਕਰਦਿਆਂ ਲਿਬਰੇਸ਼ਨ ਦੇ ਸੂਬਾ ਸਕੱਤਰ ਕਾਮਰੇਡ ਗੁਰਮੀਤ ਸਿੰਘ ਬੱਖਤਪੁਰਾ ਨੇ ਕਿਹਾ ਕਿ ਇਹ ਤਾਂ ਪੂਰਾ ਸੱਚ ਹੈ ਕਿ ਖਾਲਿਸਤਾਨ ਪੱਖੀ ਸਿੱਖ ਹਰਦੀਪ ਸਿੰਘ ਨਿੱਝਰ ਦਾ ਕਤਲ ਕੋਲੰਬੀਆ ਸੂਬੇ ਦੇ ਸਰੀ ਗੁਰਦਵਾਰੇ ਦੇ ਬਾਹਰ ਕੈਨੇਡਾ ਦੀ ਧਰਤੀ ਉੱਪਰ ਅਗਿਆਤ ਵਿਅਕਤੀਆਂ ਵੱਲੋਂ ਕੀਤਾ ਗਿਆ ਸੀ, ਜਿਸ ਦੀ ਜਾਂਚ ਕਰਨੀ ਕੈਨੇਡਾ ਸਰਕਾਰ ਦੀ ਕਾਨੂੰਨੀ ਜ਼ੁੰਮੇਵਾਰੀ ਬਣਦੀ ਹੈ ਕਿਉਂਕਿ ਕਤਲ ਕਿਸੇ ਦੇਸ਼ ਲਈ ਵੱਡੇ ਅਮਨ ਕਾਨੂੰਨ ਦਾ ਮਸਲਾ ਹੁਦਾ ਹੈ ਪਰ ਜੇਕਰ ਜਾਂਚ ਵਿੱਚ ਇਸ ਕਤਲ ਦਾ ਸਬੰਧ ਭਾਰਤੀ ਹਾਈ ਕਮਿਸ਼ਨਰ ਦਫਤਰ ਨਾਲ ਜੁੜਦਾ ਸੀ ਤਾਂ ਕੈਨੇਡਾ ਨੇ ਭਾਰਤੀ ਡਿਪਲੋਮੈਟ, ਜੋ ਭਾਰਤੀ ਇੰਟੈਲੀਜੈਂਸ ਪ੍ਰਮੁੱਖ ਸੀ, ਪਵਨ ਕੁਮਾਰ ਰਾਏ ਨੂੰ ਕੈਨੇਡਾ ਤੋਂ ਕੱਢ ਦਿੱਤਾ ਗਿਆ ਜਿਸ ਦੇ ਵਿਰੋਧ ਵਿੱਚ ਭਾਰਤ ਨੇ ਕਾਹਲ ਵਿੱਚ ਕੈਨੇਡਾ ਵਸਦੇ ਭਾਰਤੀ ਲੋਕਾਂ ਲਈ ਐਡਵਾਇਜ਼ਰੀ ਜਾਰੀ ਕਰ ਦਿੱਤੀ ਹੈ ਜੋ ਕੈਨੇਡਾ ਵਿਚਲੇ ਭਾਰਤੀਆਂ ਦੇ ਹਿੱਤ ਵਿੱਚ ਨਹੀਂ ਕਹੀ ਜਾ ਸਕਦੀ ਕਿਉਂਕਿ ਇਸ ਨਾਲ ਕੈਨੇਡੀਅਨ ਭਾਰਤੀਆਂ ਅਤੇ ਉਨ੍ਹਾਂ ਦੇ ਭਾਰਤ ਰਹਿੰਦੇ ਪਰਿਵਾਰਾਂ ਵਿੱਚ ਸਹਿਮ ਦਾ ਮਾਹੌਲ ਪੈਦਾ ਹੋ ਗਿਆ ਹੈ। ਮੋਦੀ ਸਰਕਾਰ ਨੇ ਹੁਣ ਸਮੁੱਚੇ ਕੈਨੇਡੀਅਨਾਂ ਉਪਰ ਭਾਰਤ ਆਉਣ 'ਤੇ ਰੋਕ ਲਗਾ ਦਿੱਤੀ ਹੈ, ਜਿਸ ਨਾਲ ਕਰੀਬ 18 ਲੱਖ ਕੈਨੇਡੀਅਨ ਭਾਰਤੀਆਂ ਅਤੇ ਉਨ੍ਹਾਂ ਦੇ ਭਾਰਤੀ ਪਰਿਵਾਰਾਂ ਲਈ ਇਕ ਵੱਡੀ ਬਿਪਤਾ ਖੜੀ ਕਰ ਦਿੱਤੀ ਹੈ। ਬੱਖਤਪੁਰਾ ਨੇ ਕਿਹਾ ਕਿ ਮੋਦੀ ਸਰਕਾਰ ਵੱਲੋਂ ਵੀਜ਼ਿਆਂ 'ਤੇ ਪਾਬੰਦੀ ਲਾਉਣਾ ਜਮਹੂਰੀਅਤ ਵਿਰੋਧੀ ਕਾਰਵਾਈ ਹੈ ਅਤੇ ਭਾਰਤੀ ਲੋਕਾਂ ਦੇ ਹਿੱਤ ਵਿੱਚ ਵਾਪਸ ਲਈ ਜਾਣੀ ਚਾਹੀਦੀ ਹੈ।

ਸਵੱਛਤਾ ਹੀ ਸੇਵਾ-2023 ਪੰਦਰਵਾੜਾ ਮੁਹਿੰਮ ਦੀ ਸ਼ੁਰੂਆਤ

ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)-ਕੈਬਿਨਟ ਮੰਤਰੀ ਹਰਭਜਨ ਸਿੰਘ ਈਟੀਓ ਦੀ ਪ੍ਰਧਾਨਗੀ ਹੇਠ ਜੰਡਿਆਲਾ ਬਲਾਕ ਦੇ ਦਫਤਰ ਵਿਖੇ ਉਨ੍ਹਾਂ ਦੀ ਪਤਨੀ ਸੁਹਿੰਦਰ ਕੌਰ ਵੱਲੋਂ ਸਵੱਛਤਾ ਹੀ ਸੇਵਾ 2023 ਪੰਦਰਵਾੜਾ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ। ਇਸ ਮੌਕੇ ਸੁਹਿੰਦਰ ਕੌਰ ਨੇ ਕਿਹਾ ਕਿ ਜੇਕਰ ਅਸੀਂ ਆਪਣਾ ਆਲਾ-ਦੁਆਲਾ ਸਾਫ-ਸੁਥਰਾ ਰੱਖਣਾ ਸ਼ੁਰੂ ਕਰ ਦਿੱਤਾ ਤਾਂ ਸਾਡਾ ਪਿੰਡ, ਸ਼ਹਿਰ, ਕਸਬਾ ਅਤੇ ਜ਼ਿਲ੍

24-SEP-PAGE-4.qxd 9/23/2023 10:11 PM Page 1

ਸੰਯੁਕਤ ਕਿਸਾਨ ਮੋਰਚੇ ਵੱਲੋਂ ਡੀ ਸੀ ਦਫਤਰ ਅੱਗੇ ਧਰਨਾ

ਧਰਨੇ ਨੂੰ ਸੰਬੋਧਨ ਕਰਦੇ ਹੋਏ ਐਸ ਕੇ ਐਮ ਦੇ ਆਗੂ।

ਮੋਗਾ (ਅਮਰਜੀਤ ਬੱਬਰੀ)- ਸੰਯੁਕਤ ਕਿਸਾਨ ਮੋਰਚਾ ਆਲ ਇੰਡੀਆ ਦੇ ਸੱਦੇ ਅਤੇ ਸੰਯੁਕਤ ਕਿਸਾਨ ਮੋਰਚਾ ਵੱਲੋਂ ਮੰਗਾਂ ਨੂੰ ਲੈ ਕੇ ਧਰਨਾ ਦਿੱਤਾ ਗਿਆ। ਇਸ ਮੌਕੇ ਆਗੂਆਂ ਨੇ ਕਿਹਾ ਕਿ ਕੇਂਦਰ ਅਤੇ ਰਾਜ ਸਰਕਾਰਾਂ ਵੱਲੋਂ ਕਲਿਆਣਕਾਰੀ ਨੀਤੀਆਂ ਨੂੰ ਤਿਲਾਂਜਲੀ ਦੇ ਕੇ ਮੁਲਾਜ਼ਮਾਂ ਅਤੇ ਬਜਟ 'ਚ ਕਟੌਤੀਆਂ ਕਰਕੇ ਵੱਖ-ਵੱਖ ਵਿਭਾਗਾਂ ਦੇ ਨਿੱਜੀਕਰਨ ਦੀ ਨੀਤੀ ਨੇ ਸਮੱਸਿਆ ਨੂੰ ਹੋਰ ਗੰਭੀਰ ਕਰ ਦਿੱਤਾ ਹੈ। ਇਸ ਨੀਤੀ ਦੇ ਚਲਦਿਆਂ ਸਰਕਾਰੀ ਅਮਲਾ-ਫੈਲਾ ਵੀ ਬੇਰੁਖ਼ੀ ਦੀ ਨੀਤੀ ਧਾਰਨ ਕਰ ਲੈਂਦਾ ਹੈ। ਸਿੱਟੇ ਵਜੋਂ ਦਰਿਆਵਾਂ ਦੇ ਬੰਨ੍ਹ ਮਜ਼ਬੂਤ ਕਰਨ, ਨਦੀਆਂ, ਡਰੇਨਾਂ ਅਤੇ ਨਾਲਿਆਂ ਦੀ ਸਾਫ਼-ਸਫ਼ਾਈ ਆਦਿ ਸਭ ਕੁਝ ਬੇਧਿਆਨੀ ਦਾ ਸ਼ਿਕਾਰ ਹੁੰਦਾ ਹੈ। ਹਾਲਤ ਤਾਂ ਇਹ ਹੈ ਕਿ ਵੱਖ-ਵੱਖ ਥਾਵਾਂ 'ਤੇ ਉਸਾਰੇ ਜਾ ਰਹੇ ਸ਼ਾਹਰਾਹਾਂ ਦੀ ਨੁਕਸਦਾਰ ਬਣਤਰ ਅਧੀਨ ਦਰਿਆਵਾਂ ਉੱਪਰ ਉਸਾਰੇ ਗਏ ਪੁਲ ਅਤੇ ਹੋਰ ਲਾਂਘਿਆਂ ਨੂੰ ਬਣਾਉਣ ਸਮੇਂ ਪਾਣੀ ਦੀ ਬੇਰੋਕ ਨਿਕਾਸੀ ਵੱਲ ਉੱਕਾ ਹੀ ਧਿਆਨ ਨਹੀਂ ਦਿੱਤਾ ਗਿਆ। ਕੇਂਦਰ ਸਰਕਾਰ ਵੱਲੋਂ ਰਿਪੇਰੀਅਨ ਸਿਧਾਂਤ ਨੂੰ ਅੱਖੋਂ ਪਰੋਖੇ ਕਰਕੇ ਦਰਿਆਵਾਂ ਦੇ ਹੈੱਡ ਵਰਕਸ ਦਾ ਕੰਟਰੋਲ ਪੰਜਾਬ ਤੋਂ ਖੋਹਣ ਕਾਰਨ ਹੜ੍ਹਾਂ ਦਾ ਨੁਕਸਾਨ ਤਾਂ ਸੂਬਾ ਸਹਿੰਦਾ ਹੈ, ਪ੍ਰੰਤੂ ਜਦੋਂ ਇਸ ਨੁਕਸਾਨ ਲਈ ਰਾਹਤ ਪੈਕੇਜ ਦੇਣ ਦਾ ਮਸਲਾ ਖੜ੍ਹਾ ਹੁੰਦਾ, ਉਦੋਂ ਕੇਂਦਰ ਸਰਕਾਰ ਘੋਸਲ ਵੱਟ ਜਾਂਦੀ ਹੈ। ਉਨ੍ਹਾਂ ਕਿਹਾ ਕਿ ਇਸ ਸਭ ਦਾ ਸਿੱਟਾ ਅੱਜ ਪੰਜਾਬ ਦੇ ਲੋਕ ਭੁਗਤ ਰਹੇ ਹਨ। ਦਰਿਆਵਾਂ, ਨਦੀਆਂ, ਡਰੇਨਾਂ ਵਿਚ ਚੜ੍ਹੇ ਪਾਣੀ ਨੇ ਕਈ ਥਾਵਾਂ 'ਤੇ ਓਵਰਫਲੋ ਹੋ ਕੇ ਅਤੇ ਕਈ ਥਾਵਾਂ 'ਤੇ ਬੰਨ੍ਹ ਤੋੜ ਕੇ ਹੜ੍ਹਾਂ ਦੇ ਰੂਪ ਵਿਚ ਵਿਆਪਕ ਤਬਾਹੀ ਮਚਾਈ ਹੈ। ਲੱਖਾਂ ਏਕੜ ਫ਼ਸਲ ਬਰਬਾਦ ਹੋ ਗਈ ਹੈ, ਹਜ਼ਾਰਾਂ ਏਕੜ ਜ਼ਮੀਨ ਮਿੱਟੀ ਅਤੇ ਰੇਤ ਭਰਨ ਕਾਰਨ ਨੁਕਸਾਨੀ ਗਈ ਹੈ, ਬਹੁਤ ਸਾਰੇ ਕਿਸਾਨਾਂ ਦੇ ਟਿਊਬਵੈੱਲ ਨੁਕਸਾਨੇ ਗਏ ਹਨ, ਲੋਕਾਂ ਦੇ ਜਾਨ-ਮਾਲ ਦਾ ਹਜ਼ਾਰਾਂ ਕਰੋੜਾਂ ਰੁਪਏ ਦਾ ਨੁਕਸਾਨ ਹੋਇਆ ਹੈ, ਪਸ਼ੂਆਂ ਦੀ ਮੌਤ ਅਤੇ ਘਰਾਂ ਦੇ ਹੋਏ ਨੁਕਸਾਨ ਨੇ ਲੋਕਾਂ ਦੀਆਂ ਦੁੱਖਾਂ ਤਕਲੀਫਾਂ ਵਿਚ ਵਾਧਾ ਹੀ ਕੀਤਾ ਹੈ। ਆਗੂਆਂ ਕਿਹਾ ਕਿ ਕਈ ਜ਼ਿਲ੍ਹਿਆਂ ਵਿਚ ਹਾਲਤ ਇਹ ਹੈ ਕਿ ਪਾਣੀ ਦੀ ਨਿਕਾਸੀ ਨਾ ਹੋਣ ਅਤੇ ਮਿੱਟੀ ਭਰਨ ਕਾਰਨ ਇਸ ਵਾਰ ਦੀ ਫ਼ਸਲ ਤਾਂ ਖਤਮ ਹੋ ਗਈ। ਕਿਸਾਨ ਅਗਲੀ ਕਣਕ ਜਾਂ ਦੂਜੀ ਫ਼ਸਲ ਬੀਜ ਕੇ ਪੈਦਾਵਾਰ ਲੈ ਪਾਵੇਗਾ, ਇਸ ਉੱਪਰ ਵੀ ਸੰਕਟ ਦੇ ਬੱਦਲ ਮੰਡਰਾ ਰਹੇ ਹਨ। ਕਿਸਾਨਾਂ ਦਾ ਬੀਜ, ਖਾਦ ਅਤੇ ਲੇਬਰ ਲਾ ਕੇ ਬੀਜਿਆ ਝੋਨਾ ਖਤਮ ਹੋ ਗਿਆ। ਉਨ੍ਹਾਂ ਨੂੰ ਦੁਬਾਰਾ ਝੋਨਾ ਲਾਉਣਾ ਪਿਆ। ਇਸ ਬੇਵਕਤੇ ਝੋਨੇ ਦੀ ਫ਼ਸਲ ਜਦੋਂ ਮੰਡੀਆਂ ਵਿਚ ਆਵੇਗੀ ਤਾਂ ਕਿਸਾਨਾਂ ਨੂੰ ਫ਼ਸਲ 'ਚ ਨਮੀ ਅਤੇ ਹੋਰ ਮਾਪਦੰਡਾਂ ਕਰਕੇ ਫ਼ਸਲ ਵੇਚਣ 'ਚ ਆਉਣ ਵਾਲੀਆਂ ਦਿੱਕਤਾਂ ਦੀ ਚਿੰਤਾ ਸਤਾ ਰਹੀ ਹੈ। ਇਸ ਮੌਕੇ ਕਿਸਾਨ ਯੂਨੀਅਨ ਲੱਖੋਵਾਲ ਜ਼ਿਲ੍ਹਾ ਮੋਗਾ ਦੇ ਪ੍ਰਧਾਨ ਭੁਪਿੰਦਰ ਸਿੰਘ ਦੌਲਤਪੁਰਾ, ਭਗਤ ਸਿੰਘ ਲੰਗੇਆਣਾ, ਮੋਹਨ ਸਿੰਘ, ਪ੍ਰੇਮ ਲਾਲ ਪੁਰੀ, ਪਿਸ਼ੋਰਾ ਸਿੰਘ, ਮੇਜਰ ਸਿੰਘ, ਗੁਰਮੇਲ ਸਿੰਘ, ਪਾਲ ਸਿੰਘ ਘੱਲ ਕਲਾਂ, ਬਲਕਰਨ ਸਿੰਘ, ਜਗਤਾਰ ਸਿੰਘ, ਬਲਵੰਤ ਸਿੰਘ, ਲਖਵਿੰਦਰ ਸਿੰਘ, ਜਿੰਦਰ ਸਿੰਘ, ਕੁਲਦੀਪ ਸਿੰਘ, ਪ੍ਰਗਟ ਸਿੰਘ, ਜਸਵੰਤ ਸਿੰਘ ਰਾਜਾ ਤੋਂ ਇਲਾਵਾ ਵੱਡੀ ਗਿਣਤੀ ਵਿਚ ਕਿਸਾਨ ਹਾਜ਼ਰ ਸਨ।

27 ਨੂੰ ਸਟੂਡੈਂਟ ਪਾਰਲੀਮੈਂਟ 'ਚ ਸ਼ਾਮਲ ਹੋਣ : ਸਟੂਡੈਂਟ ਪਾਵਰ ਆਫ਼ ਪੰਜਾਬ

ਮਾਨਸਾ (ਆਤਮਾ ਸਿੰਘ ਪਮਾਰ) ਵਿਦਿਆਰਥੀ ਜਥੇਬੰਦੀ ਸਟੂਡੈਂਟ ਪਾਵਰ ਆਫ ਪੰਜਾਬ ਵੱਲੋਂ ਮਾਤਾ ਸੁੰਦਰੀ ਯੂਨੀਵਰਸਿਟੀ ਗਰਲਜ ਕਾਲਜ ਵਿਖੇ ਰੈਲੀ ਕੀਤੀ ਗਈ। ਇਹ ਰੈਲੀ ਰਾਹੀਂ 27 ਸਤੰਬਰ ਨੂੰ ਸਟੂਡੈਂਟ ਪਾਵਰ ਆਫ਼ ਪੰਜਾਬ ਵੱਲੋਂ ਸ਼ਹੀਦੇ-ਏ-ਆਜ਼ਮ ਭਗਤ ਸਿੰਘ ਦੇ ਜਨਮ ਦਿਨ ਨੂੰ ਸਮਰਪਤ ਸੱਦੀ ਗਈ ਸਟੂਡੈਂਟ ਪਾਰਲੀਮੈਂਟ ਵਿੱਚ ਸ਼ਾਮਲ ਹੋਣ ਦੀ ਅਪੀਲ ਕਰਨ ਲਈ ਕੀਤੀ।

ਇਸ ਸਮੇਂ ਰੈਲੀ ਨੂੰ ਸੰਬੋਧਨ ਕਰਦਿਆਂ ਸਟੂਡੈਂਟ ਪਾਵਰ ਆਫ਼ ਪੰਜਾਬ ਦੇ ਸੂਬਾ ਪ੍ਰਧਾਨ ਪ੍ਰਦੀਪ ਗੁਰੂ ਅਤੇ ਸੂਬਾ ਖ਼ਜ਼ਾਨਚੀ ਗੁਰਵਿੰਦਰ ਨੰਦਗੜ੍ਹ ਨੇ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਸਿੱਖਿਆ ਨੂੰ ਨਿੱਜੀ ਹੱਥਾਂ ਵਿੱਚ ਦੇ ਕੇ ਸਿੱਖਿਆ ਨੂੰ ਆਮ ਵਿਦਿਆਰਥੀਆਂ ਦੀ ਪਹੁੰਚ ਤੋਂ ਦੂਰ ਕੀਤਾ ਜਾ ਰਿਹਾ, ਜਿਸ ਦੀ ਉਦਾਹਰਣ ਮੋਦੀ ਦੀ ਭਾਜਪਾ ਸਰਕਾਰ ਵੱਲੋਂ ਲਿਆਂਦੀ ਗਈ ਨਵੀਂ ਸਿੱਖਿਆ ਨੀਤੀ 2020 ਤੁਹਾਡੇ ਸਾਹਮਣੇ ਹੈ, ਜਿਸ ਤਹਿਤ ਵਿਦਿਆਰਥੀਆਂ ਦੀ ਲੁੱਟ ਕਰਨ ਦਾ ਮੋਦੀ ਸਰਕਾਰ ਨੇ ਨਿੱਜੀ ਅਦਾਰਿਆਂ ਲਈ ਰਾਹ ਖੋਲ੍ਹ ਦਿੱਤੇ ਹਨ। ਉਨ੍ਹਾਂ ਕਿਹਾ ਕਿ ਚੰਗੀਆਂ ਸਿੱਖਿਆ ਅਤੇ ਸਿਹਤ ਸਹੂਲਤਾਂ ਦੇਣ ਦਾ ਵਾਅਦਾ ਕਰ ਸੱਤਾ 'ਚ ਆਈ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਜਿੱਥੇ ਪਹਿਲਾਂ ਹੀ ਵਧੀਆ ਢੰਗ ਨਾਲ ਚੱਲ ਰਹੇ ਸਕੂਲਾਂ ਨੂੰ ਸਕੂਲ ਆਫ਼ ਐਮੀਨੈਂਸ ਐਲਾਨ ਕੇ ਸਿੱਖਿਆ ਕ੍ਰਾਂਤੀ ਦਾ ਨਾਂਅ ਦੇ ਕੇ ਜੁਮਲੇ ਛੱਡੇ ਜਾ ਰਹੇ ਹਨ, ਉੱਥੇ ਰਾਈਟ ਟੂ ਐਜੂਕੇਸ਼ਨ ਕਨੂੰਨ ਦੀਆਂ ਧੱਜੀਆਂ ਉਡਾਉਂਦੇ ਹੋਏ ਪੰਜਵੀਂ ਤੇ ਅੱਠਵੀਂ ਜਮਾਤ ਦੇ ਵਿਦਿਆਰਥੀਆਂ ਤੋਂ ਸਰਟੀਫਿਕੇਟ ਫੀਸ ਦੇ ਨਾਂਅ ਹੇਠ ਅਤੇ ਦਸਵੀਂ/ਬਾਰ੍ਹਵੀਂ ਵਿੱਚ ਦੀਆਂ ਪ੍ਰੀਖਿਆ ਫੀਸਾਂ 'ਚ ਅਥਾਹ ਵਾਧਾ ਕੀਤਾ ਹੈ ਅਤੇ ਮਾਮੂਲੀ ਤਰੁਟੀ ਲਈ ਭਾਰੀ ਜੁਰਮਾਨਿਆਂ, ਲੇਟ ਫੀਸ ਦੇ ਨਾਂਅ 'ਤੇ ਸਰਕਾਰੀ ਸਕੂਲਾਂ 'ਚ ਪੜ੍ਹ ਰਹੇ ਗਰੀਬ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਦੀ ਆਰਥਿਕ ਲੁੱਟ ਕੀਤੀ ਜਾ ਰਹੀ ਹੈ। ਹਰ ਇੱਕ ਵਰਗ ਲਈ ਮੁਫਤ ਸਿਹਤ ਸਹੂਲਤ ਲਾਗੂ ਕਰਾਉਣ ਲਈ, ਚਿੱਟੇ ਤੇ ਸੰਥੈਟਿਕ ਨਸ਼ੇ ਦੇ ਖਾਤਮੇ ਲਈ 27 ਸਤੰਬਰ ਨੂੰ ਨਹਿਰੂ ਮੈਮੋਰੀਅਲ ਸਰਕਾਰੀ ਕਾਲਜ ਮਾਨਸਾ ਵਿਖੇ ਸਟੂਡੈਂਟ ਪਾਰਲੀਮੈਂਟ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ। ਇਸ ਸਮੇਂ ਮਾਤਾ ਸੁੰਦਰੀ ਯੂਨੀਵਰਸਿਟੀ ਗਰਲਜ ਕਾਲਜ ਵਿਦਿਆਰਥੀ ਜਥੇਬੰਦੀ ਸਟੂਡੈਂਟ ਪਾਵਰ ਆਫ਼ ਪੰਜਾਬ ਦੀ ਗਿਆਰਾਂ ਮੈਂਬਰੀ ਕਮੇਟੀ ਦੀ ਚੋਣ ਕੀਤੀ, ਜਿਸ ਵਿੱਚ ਹੈਪੀ ਕੌਰ ਸਰਦੂਲੇਵਾਲਾ ਨੂੰ ਪ੍ਰਧਾਨ ਚੁਣਿਆ।

ਮੁਲਾਜ਼ਮ ਤੇ ਪੈਨਸ਼ਨਰਾਂ ਵੱਲੋਂ ਕੈਬਨਿਟ ਮੰਤਰੀਆਂ ਦਾ ਘਿਰਾਓ ਅੱਜ

ਮੋਗਾ (ਅਮਰਜੀਤ ਬੱਬਰੀ)-ਪੰਜਾਬ ਦੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੇ ਸਾਂਝੇ ਫਰੰਟ ਦੇ ਸੱਦੇ 'ਤੇ 24 ਸਤੰਬਰ ਨੂੰ ਕੈਬਨਿਟ ਮੰਤਰੀ ਬਲਕਾਰ ਸਿੰਘ ਦੀ ਰਿਹਾਇਸ਼ ਜਲੰਧਰ ਅਤੇ ਪੰਜਾਬ ਦੀ ਕੈਬਨਿਟ ਮੰਤਰੀ ਬਲਜੀਤ ਕੌਰ ਦੀ ਰਿਹਾਇਸ਼ ਮਲੋਟ ਦਾ ਘਿਰਾਓ ਕੀਤਾ ਜਾਵੇਗਾ। ਪੰਜਾਬ ਦੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਮੰਗਾਂ ਨੂੰ ਲਾਗੂ ਕਰਨ ਤੇ ਲਟਕਦੀਆਂ ਮੰਗਾਂ ਨੂੰ ਤੁਰੰਤ ਹੱਲ ਕਰਨ ਲਈ ਪੂਰੇ ਪੰਜਾਬ ਅੰਦਰ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹੈ।

ਪੀਐਸਈਬੀ ਇੰਪਲਾਈਜ ਫੈਡਰੇਸ਼ਨ ਏਟਕ ਪੰਜਾਬ ਰਜਿ 41 ਦੇ ਡਿਪਟੀ ਜਨਰਲ ਸਕੱਤਰ ਦਰਸ਼ਨ ਲਾਲ ਮੋਗਾ ਅਤੇ ਪੈਨਸ਼ਨਰ ਯੂਨੀਅਨ ਦੇ ਸੂਬਾ ਸਕੱਤਰ ਗੁਰਮੇਲ ਸਿੰਘ ਨਾਹਰ ਨੇ ਦੱਸਿਆ ਕਿ ਪੰਜਾਬ ਦੀ ਭਗਵੰਤ ਸਿੰਘ ਮਾਨ ਸਰਕਾਰ ਦੀ ਬਦਲਾਅ ਵਾਲੀ ਸਰਕਾਰ ਤੇ ਸ਼ਹੀਦ ਭਗਤ ਸਿੰਘ, ਡਾਕਟਰ ਭੀਮ ਰਾਓ ਅੰਬੇਦਕਰ ਦਾ ਨਾਂਅ ਲੈ ਕੇ ਚੋਣਾਂ ਦੌਰਾਨ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀ ਪੁਰਾਣੀ ਪੈਨਸ਼ਨ ਸਕੀਮ, ਮਿਡ ਡੇ ਮੀਲ, ਆਸ਼ਾ ਵਰਕਰਾਂ ਤੇ ਆਊਟ ਸੋਰਸ, ਸਕੀਮ ਵਰਕਰਾਂ ਦੀ ਘੱਟੋ ਘੱਟ ਵੇਜ ਨੂੰ ਲਾਗੂ ਕਰਨ ਅਤੇ ਹੋਰ ਅਨੇਕਾਂ ਹੀ ਮੰਗਾਂ ਮਸਲਿਆਂ ਦੇ ਹੱਲ ਕਰਨ ਦੇ ਭਰੋਸੇ ਨਾਲ ਨਿਰੋਲ ਸਰਕਾਰ ਬਣਾ ਲਈ। ਸਰਕਾਰ ਬਣੇ ਨੂੰ 2 ਸਾਲ ਹੋਣ ਜਾ ਰਹੇ ਹੈ, ਪਰ ਸਰਕਾਰ ਬਣਨ ਬਾਅਦ ਸਭ ਦੀਆਂ ਆਸਾਂ 'ਤੇ ਪਾਣੀ ਫੇਰ ਦਿੱਤਾ। ਇਸ ਵਾਅਦਾ ਖਿਲਾਫੀ ਵਿਰੁੱਧ ਪੰਜਾਬ ਦੇ ਸਮੁੱਚੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਵਿੱਚ ਭਾਰੀ ਰੋਸ ਹੈ। ਆਗੂਆਂ ਪੰਜਾਬ ਸਰਕਾਰ ਅਤੇ ਪਾਵਰਕੌਮ ਮੈਨੇਜਮੈਂਟ ਤੋਂ ਮੰਗ ਕੀਤੀ ਕਿ ਹਰ ਤਰ੍ਹਾਂ ਦੇ ਬਕਾਇਆ, ਮਹਿੰਗਾਈ ਭੱਤੇ, ਪੇ ਰਵੀਜਨ ਅਤੇ ਹੋਰ ਮੰਨੇ ਗਏ ਭੱਤਿਆਂ, ਪੰਜਾਬ ਅੰਦਰ ਰੈਗੂਲਰ ਭਰਤੀ ਤੇ ਆਊਟ ਸੋਰਸ ਅਤੇ ਹੋਰ ਸਕੀਮਾਂ ਤਹਿਤ ਰੱਖੇ ਕਾਮਿਆਂ ਨੂੰ ਪੱਕੇ ਆਦਿ ਕਰਨ ਦੀਆਂ ਮੁੱਖ ਮੰਗਾਂ ਨੂੰ ਲੈ ਕੇ ਇਹ ਘਿਰਾਓ ਕੀਤਾ ਜਾ ਰਿਹਾ ਹੈ।

ਨਸ਼ੀਲੀਆਂ ਗੋਲੀਆਂ ਤੇ ਮੋਟਰਸਾਇਕਲ ਸਮੇਤ ਨੌਜਵਾਨ ਕਾਬੂ

ਭੀਖੀ (ਧਰਮਵੀਰ ਸ਼ਰਮਾ)

ਭੀਖੀ ਪੁਲਸ ਨੇ ਨਸ਼ੀਲੀਆਂ ਗੋਲੀਆਂ ਤੇ ਮੋਟਰਸਾਇਕਲ ਸਮੇਤ ਇੱਕ ਨੌਜਵਾਨ ਨੂੰ ਕਾਬੂ ਕੀਤਾ ਹੈ। ਐਸਐਚਓ ਕੇਵਲ ਸਿੰਘ ਨੇ ਦੱਸਿਆ ਕਿ ਇੱਕ ਸੂਚਨਾ ਦੇ ਅਧਾਰ 'ਤੇ ਸਹਾਇਕ ਸਬ ਇੰਸਪੈਕਟਰ ਨਛੱਤਰ ਸਿੰਘ ਨੇ ਬੁਢਲਾਡਾ ਰੋਡ ਲਿੰਕ ਰੋਡ ਨੇੜਿਓਂ ਇੱਕ ਮੋਟਰਸਾਇਕਲ ਸਵਾਰ ਭੁਪਿੰਦਰ ਸਿੰਘ ਪੁੱਤਰ ਆਤਮਾ ਸਿੰਘ ਵਾਸੀ ਕੋਟੜਾ ਕਲਾਂ ਨੂੰ ਕਾਬੂ ਕਰਕੇ ਉਸ ਪਾਸੋਂ 2900 ਨਸ਼ੀਲੀਆਂ ਸਮੇਤ ਕਾਬੂ ਕਰਕੇ ਉਸ ਖਿਲਾਫ਼ ਐਨਡੀਪੀਐਸ ਐਕਟ ਤਹਿਤ ਮਾਮਲਾ ਦਰਜ ਕਰਕੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਉਨ੍ਹਾਂ ਦੱਸਿਆ ਕਿ ਉਕਤ ਵਿਅਕਤੀ ਪਾਸੋਂ ਬਰਾਮਦ ਮੋਟਰਸਾਇਕਲ ਵੀ ਕਬਜ਼ਾ ਪੁਲਸ ਵਿੱਚ ਲਿਆ ਗਿਆ ਹੈ।

ਐਸ ਐੱਚ ਓ ਕੇਵਲ ਸਿੰਘ ਨੇ ਕਿਹਾ ਕਿ ਨਸ਼ਾ ਤਸਕਰਾਂ ਨੂੰ ਕਿਸੇ ਵੀ ਕੀਮਤ 'ਤੇ ਬਖਸ਼ਿਆ ਨਹੀਂ ਜਾਵੇਗਾ।

ਪਰਸ ਖੋਹਣ ਵਾਲੇ ਗਰੋਹ ਦੇ 2 ਮੁਲਜ਼ਮ ਗ੍ਰਿਫ਼ਤਾਰ

ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)-ਜ਼ਿਲ੍ਹਾ ਪੁਲਸ ਮੁਖ ਸੰਗਰੂਰ ਸੁਰੇਂਦਰਾ ਲਾਂਬਾ ਵੱਲੋਂ ਮਾੜੇ ਅਨਸਰਾਂ ਖਿਲਾਫ਼ ਚਲਾਈ ਗਈ ਮੁਹਿਮ ਤਹਿਤ ਕਾਰਵਾਈ ਕਰਦੇ ਹੋਏ ਉਸ ਤਹਿਤ ਕਾਮਯਾਬੀ ਮਿਲੀ, ਜਦੋਂ ਪਲਵਿੰਦਰ ਸਿੰਘ ਚੀਮਾ, ਕਪਤਾਨ ਪੁਲਸ ਸੰਗਰੂਰ, ਯੋਗੇਸ਼ ਕੁਮਾਰ ਸ਼ਰਮਾ ਕਪਤਾਨ ਪੁਲਸ ਧੂਰੀ ਦੀ ਅਗਵਾਈ ਹੇਠ ਕੰਮ ਕਰਦੇ ਹੋਏ ਥਾਣਾ ਸਿਟੀ ਧੂਰੀ ਦੀ ਪੁਲਸ ਨੇ ਪਰਸ ਖੋਹ ਕਰਨ ਵਾਲੇ ਗਰੋਹ ਦੇ 02 ਵਿਅਕਤੀਆਂ ਨੂੰ ਕਾਬੂ ਕੀਤਾ ਗਿਆ। ਡੀ.ਐਸ.ਪੀ ਤਲਵਿੰਦਰ ਸਿੰਘ ਗਿੱਲ ਨੇ ਦੱਸਿਆ ਕਿ ਥਾਣਾ ਸਿਟੀ ਧੂਰੀ ਦੀ ਪੁਲਸ ਪਾਰਟੀ ਨੂੰ ਕਰਮਜੀਤ ਕੌਰ ਵਾਸੀ ਜਨਤਾ ਨਗਰ ਧੂਰੀ ਨੇ ਲਿਖਵਾਏ ਬਿਆਨ ਵਿੱਚ ਕਿਹਾ ਸੀ ਕਿ ਲੰਘੀ 20 ਸਤੰਬਰ ਨੂੰ ਸ਼ਾਮ ਉਹ ਆਪਣੀ ਆਪਣੀ ਗੁਆਂਢਣ ਗੁਰਦੀਪ ਕੌਰ ਸਮੇਤ ਸਦਰ ਬਜ਼ਾਰ ਧੂਰੀ ਤੋਂ ਘਰੇਲੂ ਸਮਾਨ ਲੈ ਕੇ ਆਪਣੇ ਘਰ ਵਾਪਸ ਆ ਰਹੀਆਂ ਸੀ ਤਾਂ ਜਦੋਂ ਉਹ ਜਨਤਾ ਨਗਰ, ਧੂਰੀ ਪਾਸ ਪੁੱਜੀਆਂ ਤਾਂ ਪਿੱਛੇ ਤੋਂ ਮੋਟਰਸਾਈਕਲ ਸਵਾਰ ਆ ਰਹੇ ਦੋ ਨੌਜਵਾਨਾਂ ਨੇ ਮੁੱਈ ਦੇ ਹੱਥ ਵਿੱਚ ਫੜਿਆ ਲਿਫ਼ਾਫ਼ਾ ਜਿਸ ਵਿੱਚ ਮੁਦਈ ਦੇ ਪਰਸ ਵਿੱਚ ਕਰੀਬ 18 ਹਜ਼ਾਰ ਤੇ ਮੋਬਾਇਲ ਫੋਨ ਮਾਰਕਾ ਆਈ ਫੋਨ 7 ਝਪਟ ਮਾਰ ਕੇ ਖੋਹ ਕੇ ਭੱਜ ਗਏ। ਪੜਤਾਲ ਕਰਨ ਅਮਰਿੰਦਰ ਪਾਲ ਵਾਸੀ ਪਲਾਸੋਰ ਤੇ ਲਖਵਿੰਦਰ ਸਿੰਘ ਵਾਸੀ ਸੁਲਤਾਨਪੁਰ ਨੂੰ ਮੁੱਕਦਮਾ ਵਿੱਚ ਨਾਮਜਦ ਕੀਤਾ ਗਿਆ ਅਤੇ ਪੁਲਸ ਪਾਰਟੀ ਨੇ ਮੁਲਜ਼ਮਾਂ ਨੂੰ ਕਾਬੂ ਕਰਕੇ ਉਨ੍ਹਾਂ ਪਾਸੋਂ ਵਾਰਦਾਤ ਵਿੱਚ ਵਰਤਿਆ ਗਿਆ ਮੋਟਰਸਾਈਕਲ ਅਤੇ ਛੇ ਹਜ਼ਾਰ ਰੁਪਏ ਦੀ ਨਕਦੀ ਤੇ ਖੋਹਿਆ ਈ ਫੋਨ-7 ਬਰਾਮਦ ਕਰਾਇਆ ਗਿਆ ਹੈ।

ਸੱਜਣ ਕੁਮਾਰ ਨੂੰ ਬਰੀ ਕਰਨ ਨਾਲ ਪੀੜਤਾਂ ਨੂੰ ਮਾਨਸਿਕ ਸੱਟ ਵੱਜੀ : ਅਤਲਾ

ਮਾਨਸਾ (ਧਰਮਵੀਰ ਸ਼ਰਮਾ)-ਮਾਨਯੋਗ ਅਦਾਲਤ ਵੱਲੋਂ 1984 ਦੇ ਦਿੱਲੀ ਸਿੱਖ ਕਤਲੇਆਮ ਦੇ ਮਾਮਲੇ ਵਿੱਚ ਕਾਂਗਰਸੀ ਆਗੂ ਸੱਜਣ ਕੁਮਾਰ ਸਣੇ ਹੋਰਨਾਂ ਨੂੰ ਬਰੀ ਕਰਨ 'ਤੇ ਨਰਾਜ਼ਗੀ ਪ੍ਰਗਟ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਫ਼ਤਿਹ) ਦੇ ਮੈਂਬਰ ਪੀਏਸੀ, ਕੌਮੀ ਜਨਰਲ ਸਕੱਤਰ ਭਾਈ ਸੁਖਚੈਨ ਸਿੰਘ ਅਤਲਾ ਨੇ ਕਿਹਾ ਕਿ ਅਦਾਲਤ ਦੇ ਇਸ ਫ਼ੈਸਲੇ ਨਾਲ 38 ਸਾਲਾਂ ਤੋਂ ਇਨਸਾਫ਼ ਲਈ ਸੰਘਰਸ਼ ਕਰ ਰਹੇ ਪੀੜਤਾਂ ਨੂੰ ਗਹਿਰੀ ਮਾਨਸਿਕ ਸੱਟ ਵੱਜੀ ਹੈ। ਉਨ੍ਹਾਂ ਕਿਹਾ ਕਿ ਸਰਕਾਰਾਂ ਦੀ ਢਿੱਲੀ ਕਾਰਗੁਜ਼ਾਰੀ ਨਾਲ ਕਥਿਤ ਦੋਸ਼ੀ ਰਿਹਾਅ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਲੱਗਦਾ ਹੈ ਕਿ ਜਾਂਚ ਏਜੰਸੀਆਂ ਜਾਣ-ਬੁੱਝ ਕੇ ਸਿੱਖਾਂ ਨੂੰ ਇਨਸਾਫ਼ ਨਹੀਂ ਦਿਵਾਉਣਾ ਚਾਹੁੰਦੀਆਂ, ਜਿਸ ਕਾਰਨ ਸਿੱਖ ਕੌਮ ਅੰਦਰ ਬੇਵਿਸ਼ਵਾਸੀ ਵਧ ਰਹੀ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਫੈਸਲਿਆਂ ਨਾਲ ਸਿੱਖ ਕੌਮ ਨੂੰ ਭਾਰਤ ਵਿੱਚ ਬੇਗਾਨਗੀ ਦਾ ਅਹਿਸਾਸ ਕਰਾਇਆ ਜਾ ਰਿਹਾ ਹੈ। ਇਹੋ ਜਿਹੇ ਫ਼ੈਸਲੇ ਆਉਣ ਤੋਂ ਬਾਅਦ ਸਿੱਖ ਆਪਣੇ ਆਪ ਨੂੰ ਗੁਲਾਮ ਤੇ ਦੂਜੇ ਦਰਜੇ ਦੇ ਸ਼ਹਿਰੀ ਮਹਿਸੂਸ ਕਰਦੇ ਹਨ। ਉਨ੍ਹਾਂ ਕਿ

24-SEP-PAGE-5.qxd 9/23/2023 10:09 PM Page 1

ਪੱਕੇ ਮੋਰਚੇ ਦੇ ਚੌਥੇ ਦਿਨ ਸਰਕਾਰ ਨੇ ਦਿੱਤਾ ਗੱਲਬਾਤ ਦਾ ਸੱਦਾ

ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)

ਨਹਿਰੀ ਪਾਣੀ ਪ੍ਰਾਪਤੀ ਲਈ ਪਿਛਲੇ ਚਾਰ ਦਿਨਾਂ ਤੋਂ ਮੁੱਖ ਮੰਤਰੀ ਦਫਤਰ ਅੱਗੇ ਪੱਕਾ ਮੋਰਚਾ ਲਾ ਕੇ ਬੈਠੇ ਕਿਸਾਨਾਂ ਨੂੰ ਡਿਪਟੀ ਕਮਿਸਨਰ ਸੰਗਰੂਰ ਵੱਲੋਂ ਲਿਖਤੀ ਪੱਤਰ ਦੇ ਕੇ ਜਲ ਸਰੋਤ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਤੇ ਵਿਭਾਗ ਦੇ ਉੱਚ ਅਧਿਕਾਰੀਆਂ ਨਾਲ ਮਸਲੇ ਦੇ ਹੱਲ ਲਈ 25 ਸਤੰਬਰ ਨੂੰ ਚੰਡੀਗੜ੍ਹ ਦਫਤਰ ਵਿੱਚ ਮੀਟਿੰਗ ਕਰਨ ਦਾ ਸੱਦਾ ਦਿੱਤਾ। ਆਗੂਆਂ ਨੇ ਸੱਦਾ ਪ੍ਰਵਾਨ ਕਰਦਿਆਂ ਪੁਤਲਾ ਫੂਕ ਪ੍ਰਦਰਸ਼ਨ ਦੇ ਪ੍ਰੋਗਰਾਮ ਨੂੰ ਮੁਲਤਵੀ ਕਰਕੇ ਮੁੱਖ ਮੰਤਰੀ ਦਫਤਰ ਅੱਗੇ ਪੱਕਾ ਮੋਰਚਾ ਜਾਰੀ ਰੱਖਣ ਦਾ ਐਲਾਨ ਕੀਤਾ। ਮੋਰਚੇ ਦੇ ਆਗੂ ਜਰਨੈਲ ਸਿੰਘ ਜਹਾਂਗੀਰ ਨੇ ਐਲਾਨ ਕੀਤਾ ਕਿ ਮੀਟਿੰਗ ਤੋਂ ਬਾਅਦ ਮੋਰਚੇ ਦੀ ਅਗਲੀ ਰਣਨੀਤੀ ਬਣਾਈ ਜਾਵੇਗੀ ਉਦੋਂ ਤੱਕ ਮੋਰਚਾ ਜਾਰੀ ਰਹੇਗਾ।

ਮੋਰਚੇ ਨੂੰ ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਆਗੂ ਭੁਪਿੰਦਰ ਸਿੰਘ ਲੌਂਗੋਵਾਲ, ਜ਼ਿਲ੍ਹਾ ਜਸਦੀਪ ਸਿੰਘ ਬਹਾਦਰਪੁਰ, ਬੀਕੇਯੂ ਉਗਰਾਹਾਂ ਦੇ ਆਗੂ ਹਰਜੀਤ ਸਿੰਘ ਬਦੇਸ਼ਾ, ਮਲਕੀਤ ਸਿੰਘ ਹੇੜੀਕੇ ਨੇ ਜੋ ਮੀਟਿੰਗ ਦਾ ਸੱਦਾ ਮਿਲਿਆ ਹੈ, ਉਹ ਸੰਘਰਸ਼ ਸਦਕਾ ਹੀ ਮਿਲਿਆ ਹੈ, ਪਰ ਜੇਕਰ ਮੀਟਿੰਗ ਵਿੱਚ ਹਲਕਾ ਧੂਰੀ, ਮਾਲੇਰਕੋਟਲਾ, ਅਮਰਗੜ੍ਹ ਤੇ ਮਹਿਲਕਲਾਂ ਦੇ ਨਹਿਰੀ ਪਾਣੀ ਤੋਂ ਵਾਂਝੇ ਪਿੰਡਾਂ ਨੂੰ ਪਾਣੀ ਦੇਣ ਅਤੇ ਲੌਂਗੋਵਾਲ ਮਾਇਨਰ ਦੀ ਰੀਲਾਈਨਿੰਗ ਕਰਨ, ਸੋਰੋਂ ਰਜਵਾਹੇ ਦੇ ਕੱਚੇ ਹਿੱਸੇ ਨੂੰ ਪੱਕਾ ਕਰਨ, ਸੇਮ ਤੋਂ ਪਹਿਲਾਂ ਛੋਟੇ ਕੀਤੇ ਨਹਿਰੀ ਮੋਘਿਆਂ ਦਾ ਸਾਇਜ਼ ਬਹਾਲ ਕਰਨ ਸਮੇਤ ਬਾਕੀ ਮੰਗਾਂ ਦਾ ਹੱਲ ਨਾ ਹੋਇਆ ਤਾਂ ਮੋਰਚੇ ਨੂੰ ਤੇਜ਼ ਕੀਤਾ ਜਾਵੇਗਾ। ਬੀਕੇਯੂ ਰਾਜੇਵਾਲ ਵੱਲੋਂ ਮੋਰਚੇ ਦੀ ਹਮਾਇਤ ਕਰਦਿਆਂ ਬਲਾਕ ਪ੍ਰਧਾਨ ਬਲਵਿੰਦਰ ਸਿੰਘ ਜੱਖਲਾਂ ਦੀ ਅਗਵਾਈ ਹੇਠ ਵੱਡੀ ਸਮੂਲੀਅਤ ਕੀਤੀ ਗਈ ਅਤੇ ਹਰ ਰੋਜ਼ ਹਾਜ਼ਰੀ ਲਵਾਉਣ ਦਾ ਭਰੋਸਾ ਦਿੱਤਾ। ਮੋਰਚੇ ਨੂੰ ਸੰਘਰਸ਼ ਕਮੇਟੀ ਦੇ ਆਗੂ ਸੁਖਵਿੰਦਰ ਸਿੰਘ ਚੁੰਘਾਂ, ਮੱਘਰ ਸਿੰਘ ਭੂਦਨ, ਮੇਹਰ ਸਿੰਘ ਈਸਾਪੁਰ ਲੰਡਾ, ਕਿਸਾਨ ਆਗੂ ਗੁਰਦੀਪ ਸਿੰਘ ਬਡਰੁੱਖਾਂ, ਪ੍ਰਮੇਲ ਸਿੰਘ ਹਥਨ, ਚਮਕੌਰ ਸਿੰਘ ਬਧਰਾਵਾਂ, ਗੁਰਜੀਤ ਸਿੰਘ ਭੜੀ, ਬਾਬੂ ਸਿੰਘ ਮੂਲੋਵਾਲ ਤੇ ਕਿਰਪਾਲ ਸਿੰਘ ਬਟੂਹਾ ਨੇ ਸੰਬੋਧਨ ਕੀਤਾ।

ਬੀ ਕੇ ਯੂ ਕ੍ਰਾਂਤੀਕਾਰੀ ਵੱਲੋਂ ਐੱਸ ਡੀ ਐੱਮ ਦਫਤਰ ਅੱਗੇ ਧਰਨਾ

ਮੋਗਾ (ਅਮਰਜੀਤ ਬੱਬਰੀ)-ਭਾਰਤੀ ਕਿਸਾਨ ਯੂਨੀਅਨ (ਕ੍ਰਾਂਤੀਕਾਰੀ) ਵਲੋਂ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਬਾਘਾਪੁਰਾਣਾ ਦੇ ਐਸ ਡੀ ਐਮ ਦਫਤਰ ਅੱਗੇ ਧਰਨਾ ਲਾਇਆ ਗਿਆ। ਅਜਿਤਵਾਲ ਬਲਾਕ ਦੇ ਆਗੂ ਤੇ ਵਰਕਰ ਵੀ ਧਰਨੇ 'ਚ ਸ਼ਾਮਲ ਹੋਏ। ਕਿਹਾ ਕਿ ਹੜ੍ਹ ਪੀੜਤ ਲੋਕਾਂ ਦੀਆਂ ਮੰਗਾਂ 'ਤੇ ਕੇਂਦਰ ਤੇ ਪੰਜਾਬ ਸਰਕਾਰ ਬਣਦਾ ਧਿਆਨ ਨਹੀਂ ਦੇ ਰਹੀ । ਸੰਯੁਕਤ ਕਿਸਾਨ ਮੋਰਚੇ ਨੇ ਮੰਗ ਕੀਤੀ ਹੈ ਕਿ ਕੇਂਦਰ ਸਰਕਾਰ 50 ਹਜ਼ਾਰ ਕਰੋੜ ਰੁਪਏ ਪੰਜਾਬ ਸਰਕਾਰ ਨੂੰ ਜਾਰੀ ਕਰੇ ਤਾਂ ਜੋ 50 ਹਜ਼ਾਰ ਰੁਪਏ ਪ੍ਰਤੀ ਏਕੜ ਫਸਲਾਂ ਦੀ ਬਰਬਾਦੀ ਦੀ ਭਰਪਾਈ ਲਈ, ਦਸ ਲੱਖ ਰੁਪਏ ਜਾਨੀ ਨੁਕਸਾਨ ਲਈ, ਇੱਕ ਲੱਖ ਰੁਪਏ ਪ੍ਰਤੀ ਪਸ਼ੂ ਨੁਕਸਾਨ ਲਈ, ਪੰਜ ਲੱਖ ਰੁਪਏ ਪ੍ਰਤੀ ਢੱਠੇ ਮਕਾਨ ਦੇ ਨੁਕਸਾਨ ਲਈ ਕਿਸਾਨਾਂ-ਮਜ਼ਦੂਰਾਂ ਨੂੰ ਵੰਡੇ ਜਾ ਸਕਣ। ਖੇਤਾਂ ਵਿੱਚ ਜੋ ਰੇਤ ਭਰ ਗਈ, ਉਸ ਦੀ ਮਾਈਨਿੰਗ ਕਿਸਾਨਾਂ ਨੂੰ ਕਰਨ ਦੀ ਇਜਾਜ਼ਤ ਦਿੱਤੀ ਜਾਵੇ। ਸੂਬਾ ਮੀਤ ਪ੍ਰਧਾਨ ਗੁਰਦੀਪ ਸਿੰਘ ਵੈਰੋਕੇ ਨੇ ਪੰਜਾਬ ਸਰਕਾਰ ਨੇ ਜੋ 6800 ਰੁਪਏ ਪ੍ਰਤੀ ਏਕੜ ਦਿੱਤੇ ਹਨ, ਇਸ ਨੂੰ ਕੋਝਾ ਮਜ਼ਾਕ ਕਹਿ ਕੇ ਪੂਰੀ ਤਰ੍ਹਾਂ ਰੱਦ ਕੀਤਾ ਹੈ। ਅਜਿਤਵਾਲ ਬਲਾਕ ਦੇ ਸਕੱਤਰ ਸੰਦੀਪ ਸਿੰਘ ਚੂਹੜਚੱਕ ਨੇ ਕਿਹਾ ਕਿ 23 ਫਸਲਾਂ ਤੇ ਘੱਟੋ ਘੱਟ ਸਮਰਥਨ ਮੁੱਲ ਦੇਣ ਦੀ ਕੇਂਦਰ ਸਰਕਾਰ ਕਨੂੰਨੀ ਗਰੰਟੀ ਦੇਣ ਲਈ ਕਨੂੰਨ ਬਣਾਵੇ। ਬਲਾਕ ਬਾਘਾਪੁਰਾਣਾ ਦੇ ਪ੍ਰਧਾਨ ਜਗਤਾਰ ਸਿੰਘ ਮਾਹਲਾ ਨੇ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਲਾਗੂ ਕਰਨ ਦੀ ਮੰਗ ਕੀਤੀ। ਇਸ ਨਾਲ ਸਾਰੇ ਖਰਚੇ ਕੱਢ ਕੇ 50 ਖੇਤੀ ਵਿੱਚ ਬੱਚਤ ਹੋ ਸਕਦੀ ਹੈ। ਜਸਵਿੰਦਰ ਕੌਰ ਧੂੜਕੋਟ ਜ਼ਿਲ੍ਹਾ ਪ੍ਰਧਾਨ ਨੇ ਕਿਹਾ ਕਿ ਕੇਂਦਰ ਸਰਕਾਰ ਸਾਰੇ ਬਕਾਇਆ ਰਹਿੰਦੇ, ਸ਼ਹੀਦ ਪਰਵਾਰਾਂ ਦੀ ਬਣਦੀ ਆਰਥਕ ਮਦਦ ਕਰੇ ਅਤੇ ਸ਼ਹੀਦ ਪਰਵਾਰ ਦੇ ਇੱਕ ਜੀਅ ਨੂੰ ਸਰਕਾਰੀ ਨੌਕਰੀ ਦੇਵੇ।

ਜੋਰਾ ਸਿੰਘ ਫੌਜੀ ਨੇ ਸਰਕਾਰ ਤੋਂ ਮੰਗ ਕੀਤੀ ਕਿ ਦਿੱਲੀ ਅੰਦੋਲਨ ਦੇ ਸਾਰੇ ਪੁਲਸ ਕੇਸ ਖਾਰਜ ਕੀਤੇ ਜਾਣ। ਜੀਵਨ ਬਰਾੜ ਨੇ ਮੰਗ ਕੀਤੀ ਕਿ ਲਖੀਮਪੁਰ ਖੀਰੀ ਦੇ ਕਾਤਲਾਂ ਨੂੰ ਸਖਤ ਸਜ਼ਾ ਦੇ ਕੇ ਸ਼ਹੀਦਾਂ ਨੂੰ ਇਨਸਾਫ ਦਿੱਤਾ ਜਾਵੇ। ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਦੇ ਸੂਬਾ ਕਮੇਟੀ ਮੈਂਬਰ ਲਖਵੀਰ ਸਿੰਘ ਲੱਖਾ ਨੇ ਐਸ ਕੇ ਐਮ ਨੇ ਜੇ ਨਰੇਗਾ ਦਾ ਕੰਮ 100 ਦਿਨ ਤੋਂ ਵਧਾ ਕੇ 200 ਦਿਨ ਕਰਨ ਦੀ ਮੰਗ ਕੀਤੀ ਅਤੇ ਹੜ੍ਹ ਨਾਲ ਮਜ਼ਦੂਰਾਂ ਦਾ ਜੋ ਨੁਕਸਾਨ ਹੋਇਆ ਉਸ ਦੀ ਭਰਪਾਈ ਲਈ ਸਰਕਾਰ ਨੂੰ ਗੁਹਾਰ ਲਗਾਈ। ਧਰਨੇ ਉਪਰੰਤ ਤਹਿਸੀਲਦਾਰ ਬੇਅੰਤ ਸਿੰਘ ਨੂੰ ਸਰਕਾਰ ਦੇ ਨਾਂਅ ਮੰਗ ਪੱਤਰ ਸੌਂਪਿਆ ਗਿਆ।

ਜਗਬੀਰ ਸਿੰਘ ਸਲਾਣਾ 'ਤੇ ਕਰੋੜਾਂ ਦੀ ਟੋਭੇ ਦੀ ਮਿੱਟੀ, ਰੇਤਾ ਵੇਚਣ ਤੇ ਗ੍ਰਾਂਟਾਂ 'ਚ ਵੱਡੇ ਘਪਲੇ ਦੇ ਲਗਾਏ ਦੋਸ਼

ਮੇਰੇ ਉਪਰ ਲਗਾਏ ਜਾ ਰਹੇ ਦੋਸ਼ ਬੇਬੁਨਿਆਦ : ਜਗਬੀਰ ਸਿੰਘ

ਪ੍ਰੈੱਸ ਕਾਨਫਰੰਸ ਦੌਰਾਨ ਅਜ਼ਾਦਵਿੰਦਰ ਸਿੰਘ ਲੱਕੀ ਭਲਵਾਨ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ।

ਅਮਲੋਹ (ਲਖਵੀਰ ਸਿੰਘ, ਹਰਚਰਨ ਉਪਲ)

ਨਜ਼ਦੀਕ ਪਿੰਡ ਸਲਾਣਾ ਜੀਵਨ ਸਿੰਘ ਵਾਲਾ ਦੇ ਅਜ਼ਾਦਵਿੰਦਰ ਸਿੰਘ ਲੱਕੀ ਭਲਵਾਨ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਨੇ ਪ੍ਰੈਸ ਕਾਨਫਰੰਸ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪਿੰਡ ਦਾ ਟੋਭਾ ਜਿਹੜਾ ਕਿ ਛੇ ਏਕੜ ਜ਼ਮੀਨ 'ਚ ਹੈ ਅਤੇ ਪਿੰਡ ਦੇ ਸਾਬਕਾ ਸਰਪੰਚ ਅਤੇ ਬਲਾਕ ਕਾਂਗਰਸ ਕਮੇਟੀ ਅਮਲੋਹ ਦੇ ਪ੍ਰਧਾਨ ਜਗਬੀਰ ਸਿੰਘ ਨੇ ਆਪਣੀ ਸਰਪੰਚੀ ਸਮੇਂ ਟੋਭੇ ਨੂੰ ਐਨਾ ਜ਼ਿਆਦਾ ਡੂੰਘਾ ਪੁੱਟਿਆ ਜਿਸ 'ਚੋਂ ਕਰੋੜਾਂ ਰੁਪਏ ਦੀ ਮਿੱਟੀ ਅਤੇ ਰੇਤਾ ਕੱਢ ਕੇ ਇਨ੍ਹਾਂ ਵੱਲੋਂ ਵੇਚਿਆ ਗਿਆ। ਇਸ ਸਬੰਧੀ ਸ਼ਿਕਾਇਤਾਂ ਸਬੰਧਤ ਵਿਭਾਗ ਨੂੰ ਕੀਤੀਆਂ ਹਨ ਅਤੇ ਜਾਂਚ ਦੀ ਮੰਗ ਕੀਤੀ ਗਈ ਹੈ। ਉਨ੍ਹਾਂ ਅੱਗੇ ਕਿਹਾ ਕਿ ਟੋਭੇ ਦੀ ਡੂੰਘਾਈ ਜ਼ਿਆਦਾ ਹੋਣ ਕਾਰਨ ਟੋਭੇ ਦਾ ਪਿੰਡ ਨੂੰ ਨੁਕਸਾਨ ਹੋ ਰਿਹਾ ਹੈ ਕਿਉਂਕਿ ਨਜ਼ਦੀਕ ਰਹਿੰਦੇ ਘਰਾਂ ਦੇ ਲੋਕਾਂ ਦੇ ਪਾਣੀ ਵਿੱਚ ਗੰਦਗੀ ਆਉਣ ਲੱਗ ਗਈ ਹੈ ਅਤੇ ਪਾਣੀ ਖਰਾਬ ਹੋਣ ਲੱਗੇ ਹਨ। ਉਨ੍ਹਾਂ ਅੱਗੇ ਕਿਹਾ ਕਿ ਪਿੰਡ ਦੇ ਜਿਹੜੇ ਪੰਚ ਹਨ ਉਨ੍ਹਾਂ ਵਿਚੋਂ ਇਕ ਪੰਚ ਨੇ ਬਕਫ ਬੋਰਡ ਦੀ ਜ਼ਮੀਨ 'ਚ ਦੁਕਾਨ ਪਾਈ ਹੈ, ਰਵਿਦਾਸ ਭਾਈਚਾਰੇ ਦੇ ਸ਼ਮਸ਼ਾਨਘਾਟ ਨੂੰ ਇਕ ਚੌੜਾ ਪਾਹਾ ਛੱਡਿਆ ਹੋਇਆ ਸੀ ਉਸ ਰਸਤੇ 'ਤੇ ਦੋ ਦੁਕਾਨਾਂ ਪੰਚ ਦੀਆਂ ਹਨ, ਇਕ ਪੰਚ ਨੇ ਇਕ ਮੁਹੱਲੇ ਤੋਂ ਦੂਜੇ ਮੁਹੱਲੇ ਨੂੰ ਜਾ ਰਹੀ ਪਹੀ ਨੂੰ ਰੋਕ ਕੇ ਸ਼ੈਡ ਪਾ ਲਿਆ ਅਤੇ ਪਾਥੀਆਂ ਪੱਥੀਆਂ ਜਾ ਰਹੀਆਂ। ਇਕ ਪੰਚ ਸੂਏ ਦੇ ਨਜ਼ਦੀਕ ਜਿਹੜੀ ਸਰਕਾਰੀ ਜਗ੍ਹਾ ਹੈ ਉਸ ਨੂੰ ਪੱਧਰ ਕਰਕੇ ਚਾਰਦੀਵਾਰੀ ਕਰੀ ਬੈਠਾ ਹੈ ਜਿਨ੍ਹਾਂ ਦੇ ਸਾਡੇ ਕੋਲ ਪਰੂਫ ਵੀ ਹਨ। ਉਨ੍ਹਾਂ ਅੱਗੇ ਕਿਹਾ ਕਿ ਜਗਬੀਰ ਸਿੰਘ ਨੇ ਪਿੰਡ ਦੇ ਵਿਕਾਸ ਲਈ ਵੱਖ ਵੱਖ ਗ੍ਰਾਂਟਾਂ 'ਚ ਘਪਲਾ ਕੀਤਾ ਹੈ ਜਿਸ ਤਹਿਤ ਉਸ ਨੂੰ ਸਸਪੈਂਡ ਵੀ ਕੀਤਾ ਹੋਇਆ ਹੈ। ਉਨ੍ਹਾਂ ਅੱਗੇ ਕਿਹਾ ਕਿ ਜਗਬੀਰ ਸਿੰਘ ਨੇ ਸਰਪੰਚ ਹੁੰਦਿਆਂ ਆਪਣੇ ਨਜ਼ਦੀਕੀ ਕੁਝ ਖਾਸ ਲੋਕਾਂ ਨੂੰ ਐਨੀ ਸਹੂਲਤ ਦਿੱਤੀ ਸੀ ਕਿ ਉਹ ਜੱਟ ਹੁੰਦੇ ਹੋਏ ਐਸ ਸੀ ਲਿਖਾ ਕੇ ਉਨ੍ਹਾਂ ਦਾ ਨਰੇਗਾ 'ਚ ਨਾਂਅ ਪੈਂਦਾ ਰਿਹਾ ਹੈ ਅਤੇ ਪਿੰਡ ਦੇ ਲੋਕਾਂ ਉਪਰ ਨਜਾਇਜ਼ ਪਰਚੇ ਵੀ ਕਰਵਾਏ ਗਏ। ਚੋਣਾਂ 'ਚ ਕਾਂਗਰਸ ਦੇ ਰਾਜ ਦੌਰਾਨ ਆਪ ਸਰਪੰਚ ਬਣਨ ਲਈ ਲੋਕਾਂ ਦੇ ਕਾਗਜ਼ ਰੱਦ ਕਰਵਾਏ ਗਏ। ਜਦੋਂ ਹੁਣ ਇਸ ਖਿਲਾਫ ਕਾਨੂੰਨੀ ਤੌਰ 'ਤੇ ਕੋਈ ਜਾਂਚ ਦੀ ਮੰਗ ਕਰ ਰਹੇ ਹਾਂ ਤਾਂ ਇਹ ਕਹਿੰਦਾ ਕਿ ਧੱਕਾ ਹੋ ਰਿਹਾ। ਉਨ੍ਹਾਂ ਅੱਗੇ ਕਿਹਾ ਕਿ ਇਸ ਸਬੰਧੀ ਅਸੀਂ ਪੰਜਾਬ ਦੇ ਮੁੱਖ ਮੰਤਰੀ ਨੂੰ ਵੀ ਮਿਲਾਂਗੇ ਤੇ ਜਿਹੜੇ ਘਪਲੇ ਹੋਏ ਹਨ ਉਨ੍ਹਾਂ ਦੀ ਵਿਜੀਲੈਂਸ ਜਾਂਚ ਦੀ ਮੰਗ ਕਰਾਂਗੇ। ਇਸ ਸਬੰਧੀ ਪਿੰਡ ਦੇ ਸਾਬਕਾ ਸਰਪੰਚ ਜਗਬੀਰ ਸਿੰਘ ਸਲਾਣਾ ਨੇ ਕਿਹਾ ਕਿ ਮੇਰੇ ਉਪਰ ਲਗਾਏ ਗਏ ਸਾਰੇ ਦੋਸ਼ ਝੂਠੇ ਹਨ ਅਤੇ ਗ੍ਰਾਂਟਾਂ ਵਿੱਚ ਵੀ ਕਿਸੇ ਪ੍ਰਕਾਰ ਦਾ ਕੋਈ ਘਪਲਾ ਨਹੀਂ ਕੀਤਾ ਗਿਆ। ਉਥੇ ਹੀ ਜਿਹੜੇ ਪੰਚਾਇਤ ਮੈਂਬਰਾਂ ਉਪਰ ਦੋਸ਼ ਲਗਾਏ ਜਾ ਰਹੇ ਹਨ ਉਨ੍ਹਾਂ ਵਿੱਚ ਵੀ ਕੋਈ ਸਚਾਈ ਨਹੀਂ ਹੈ।

ਕਾਤਰਾਂ

ਸ਼ੋਕ ਸਮਾਚਾਰ

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਮਾਛੀਵਾੜਾ ਵਾਸੀ ਬਰੀਬਲ ਨਾਗਪਾਲ ਦੀ ਪਤਨੀ ਮੋਤੀਆ ਰਾਣੀ ਨਮਿੱਤ ਗਰੁੜ ਪੁਰਾਣ ਪਾਠ ਦਾ ਭੋਗ ਅਤੇ ਅੰਤਿਮ ਅਰਦਾਸ 24 ਸਤੰਬਰ ਦਿਨ ਐਤਵਾਰ ਨੂੰ ਬਾਅਦ ਦੁਪਹਿਰ 1 ਤੋਂ 2 ਵਜੇ ਤੱਕ ਕਮਿਊਨਿਟੀ ਸੈਂਟਰ, ਨੇੜੇ ਬੱਸ ਸਟੈਂਡ ਮਾਛੀਵਾੜਾ ਵਿਖੇ ਹੋਵੇਗੀ।

ਸਿਹਾਲਾ ਦਾ ਦੰਗਲ ਮੇਲਾ ਅੱਜ

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ,ਜਗਦੀਸ਼ ਰਾਏ)-ਨੇੜਲੇ ਪਿੰਡ ਸਿਹਾਲਾ ਵਿਖੇ ਗੁੱਗਾ ਮੈੜੀ ਜਾਹਰ ਪੀਰ ਦੇ ਮੇਲੇ 'ਤੇ ਇਤਿਹਾਸਕ ਦੰਗਲ 24 ਸਤੰਬਰ ਨੂੰ ਕਰਵਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਾਬਕਾ ਸਰਪੰਚ ਰਾਕੇਸ਼ ਕੁਮਾਰ ਅਤੇ ਭੋਲਾ ਚੌਧਰੀ ਨੇ ਦੱਸਿਆ ਕਿ ਦੰਗਲ ਮੇਲੇ 'ਚ ਝੰਡੀ ਦੀ ਕੁਸ਼ਤੀ ਜੱਸਾ ਪੱਟੀ ਤੇ ਧਰਮਿੰਦਰ ਕੁਹਾਲੀ ਵਿਚਕਾਰ ਹੋਵੇਗੀ। ਉਨ੍ਹਾਂ ਦੱਸਿਆ ਕਿ ਜੇਤੂ ਪਹਿਲਵਾਨ ਨੂੰ ਇਨਾਮ ਵਜੋਂ ਬੁਲਟ ਮੋਟਰਸਾਈਕਲ ਅਤੇ ਉਪ ਜੇਤੂ ਨੂੰ 1 ਲੱਖ ਰੁਪਏ ਨਕਦ ਰਾਸ਼ੀ ਨਾਲ ਸਨਮਾਨਤ ਕੀਤਾ ਜਾਵੇਗਾ।

ਹੈਰੋਇਨ ਸਮੇਤ ਦੋ ਨੌਜਵਾਨ ਕਾਬੂ

ਮਲੋਟ (ਗੁਰਮੀਤ ਸਿੰਘ ਮੱਕੜ)-ਥਾਣਾ ਸਿਟੀ ਪੁਲਿਸ ਨੇ ਹੈਰੋਇਨ ਸਮੇਤ ਦੋ ਨੌਜਵਾਨਾਂ ਨੂੰ ਕਾਬੂ ਕੀਤਾ ਹੈ। ਪੁਲਸ ਪਾਰਟੀ ਗਸ਼ਤ ਦੇ ਦੌਰਾਨ ਪਿੰਡ ਸ਼ੇਖੂ ਨੂੰ ਜਾ ਰਹੀ ਸੀ ਤਾਂ ਦੋ ਮੋਨੇ ਨੌਜਵਾਨ ਗੁਰਪ੍ਰੀਤ ਸਿੰਘ ਵਾਸੀ ਭਗਵਾਨਪੁਰਾ ਤੇ ਜਗਮੀਤ ਸਿੰਘ ਵਾਸੀ ਪਿੰਡ ਮਲੋਟ ਬੈਠੇ ਲਿਫ਼ਾਫ਼ੀ ਪਲਾਸਟਿਕ ਦੀ ਫਰੋਲਾ ਫਰਾਲੀ ਕਰ ਰਹੇ ਸੀ, ਜੋ ਪੁਲਸ ਪਾਰਟੀ ਨੂੰ ਦੇਖ ਕੇ ਲਿਫ਼ਾਫ਼ੀ ਉੱਥੇ ਸੁੱਟ ਕੇ ਖਿਸਕਣ ਲੱਗੇ ਤਾਂ ਪੁਲਿਸ ਪਾਰਟੀ ਨੇ ਉਨ੍ਹਾਂ ਨੂੰ ਕਾਬੂ ਕਰਕੇ ਲਿਫ਼ਾਫ਼ੀ ਦੀ ਤਲਾਸ਼ੀ ਲੈਣ ਉਪਰੰਤ ਉਸ ਵਿਚੋਂ 10 ਗ੍ਰਾਮ ਹੈਰੋਇਨ ਬਰਾਮਦ ਕਰ ਲਈ। ਪੁਲਸ ਨੇ ਉਕਤ ਨੌਜਵਾਨਾਂ 'ਤੇ ਮੁਕੱਦਮਾ ਨੰ.171 ਧਾਰਾ 21ਬੀ/61/85 ਐਨ.ਡੀ.ਪੀ.ਐਸ. ਐਕਟ ਤਹਿਤ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

2 ਚੋਰੀ ਦੇ ਮੋਟਰਸਾਈਕਲਾਂ ਸਮੇਤ 1 ਗ੍ਰਿਫ਼ਤਾਰ

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਸਥਾਨਕ ਪੁਲਸ ਵਲੋਂ 2 ਚੋਰੀ ਦੇ ਮੋਟਰਸਾਈਕਲਾਂ ਸਮੇਤ ਦਿਲਾਵਰ ਸਿੰਘ ਵਾਸੀ ਲੁਹਾਰੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਐੱਸ ਐੱਚ ਓ ਸੰਤੋਖ ਸਿੰਘ ਨੇ ਦੱਸਿਆ ਕਿ ਇਕ ਸੂਚਨਾ ਮਿਲੀ ਸੀ ਕਿ ਦਿਲਾਵਰ ਸਿੰਘ ਜਿਸ ਦੇ ਕੁਝ ਦਿਨ ਪਹਿਲਾਂ ਡਿੱਗਣ ਕਾਰਨ ਹੱਥਾਂ, ਪੈਰਾਂ 'ਤੇ ਸੱਟਾਂ ਵੱਜੀਆਂ ਹੋਈਆਂ ਹਨ, ਉਸ ਨੇ 2 ਮੋਟਰਸਾਈਕਲ ਚੋਰੀ ਕਰਕੇ ਉਸ ਉੱਪਰ ਜਾਅਲੀ ਨੰਬਰ ਪਲੇਟਾਂ ਲਗਾਈਆਂ ਹੋਈਆਂ ਹਨ। ਇਹ ਮੋਟਰਸਾਈਕਲ ਉਸ ਦੇ ਘਰ ਖੜ੍ਹੇ ਹਨ ਜਿਸ ਨੂੰ ਦਿਲਾਵਰ ਸਿੰਘ ਵੇਚਣ ਦੀ ਫਿਰਾਕ 'ਚ ਹੈ। ਪੁਲਸ ਵਲੋਂ ਤੁਰੰਤ ਛਾਪਾਮਾਰੀ ਕਰ ਦਿਲਾਵਰ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਜਿਸ ਤੋਂ 2 ਮੋਟਰਸਾਈਕਲ ਚੋਰੀ ਦੇ ਬਰਾਮਦ ਕੀਤੇ ਗਏ। ਪੁੱਛਗਿੱਛ ਦੌਰਾਨ ਉਸ ਨੇ ਦੱਸਿਆ ਕਿ ਇਹ ਮੋਟਰਸਾਈਕਲ ਉਸ ਨੇ ਖਮਾਣੋਂ ਇਲਾਕੇ 'ਚੋਂ ਚੋਰੀ ਕੀਤੇ ਹਨ। ਥਾਣਾ ਮੁਖੀ ਨੇ ਦੱਸਿਆ ਕਿ ਇਨ੍ਹਾਂ ਮੋਟਰਸਾਈਕਲਾਂ 'ਤੇ ਜਾਅਲੀ ਨੰਬਰ ਲਗਾਏ ਹੋਏ ਹਨ।

ਜ਼ਮਾਨਤ ਮਿਲਣ 'ਤੇ ਵਿਰੋਧੀ ਧਿਰ ਦੇ ਮਕਾਨ ਨੂੰ ਲਾਈ ਅੱਗ, ਤਿੰਨ ਵਿਰੁੱਧ ਕੇਸ ਦਰਜ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਪਿੰਡ ਬੀਰੋਮਾਜਰੀ ਵਿਖੇ ਇੱਕ ਦੁਕਾਨਦਾਰ ਵੱਲੋਂ ਕੀਤੀ ਗਈ ਖੁਦਕਸ਼ੀ ਦੇ ਮਾਮਲੇ 'ਚ ਨਾਮਜ਼ਦ ਕਰਾਏ ਗਏ ਰਿਸ਼ਤੇਦਾਰਾਂ 'ਚੋਂ ਇੱਕ ਨੂੰ ਜ਼ਮਾਨਤ ਮਿਲ ਜਾਣ 'ਤੇ ਗੁੱਸੇ 'ਚ ਆਏ ਵਿਅਕਤੀਆਂ ਵੱਲੋਂ ਗਵਾਂਢ 'ਚ ਸਥਿਤ ਆਪਣੇ ਤਾਏ ਦੇ ਘਰ ਨੂੰ ਕਥਿਤ ਤ

page-6-24-(SEP)-2023-G-(BV).qxd 9/23/2023 10:34 PM Page 1

ਸੰਦੀਪ ਜੈਨ ਦਾ ਨਾਵਲ 'ਦਿ ਕਰੂਸੇਡਰ ਫਾਈਲਜ' ਰਿਲੀਜ਼

ਜਲੰਧਰ: ਦੇਸ਼ ਦੇ ਪ੍ਰਮੁੱਖ ਜਨਤਕ ਖੇਤਰ ਦੇ ਉੱਦਮਾਂ ਵਿੱਚੋਂ ਇੱਕ ਦੇ ਉੱਘੇ ਸੀਨੀਅਰ ਮੈਨੇਜਮੈਂਟ ਸੰਦੀਪ ਜੈਨ ਦੁਆਰਾ ਲਿਖਿਆ ਗਿਆ ਪਹਿਲਾ ਨਾਵਲ, 'ਦਿ ਕਰੂਸੇਡਰ ਫਾਈਲਜ' ਇੱਕ ਸ਼ਾਨਦਾਰ ਸਮਾਰੋਹ ਵਿੱਚ ਰਿਲੀਜ਼ ਕੀਤਾ ਗਿਆ। 'ਦਿ ਕਰੂਸੇਡਰ ਫਾਈਲਜ' ਸ਼ੁੱਧ ਕਲਪਨਾ ਦੀ ਇੱਕ ਦਿਲਚਸਪ ਰਚਨਾ ਹੈ ਜੋ ਪਾਠਕਾਂ ਨੂੰ ਆਪਣੇ ਸਾਹਸੀ ਨਾਇਕ ਦੇ ਜੀਵਨ ਦੇ ਸਫਰ 'ਤੇ ਲੈ ਜਾਂਦੀ ਹੈ। ਇਸ ਦੇ ਨਾਇਕ ਨੂੰ ਭ੍ਰਿਸ਼ਟਾਚਾਰ ਅਤੇ ਅਨੈਤਿਕਤਾ ਨਾਲ ਗ੍ਰਸਤ ਸੰਸਾਰ ਵਿੱਚ ਭ੍ਰਿਸ਼ਟ ਪ੍ਰਣਾਲੀ ਦੇ ਵਿਰੁੱਧ ਲੜਦੇ ਹੋਏ ਮੁਸ਼ਕਲ ਸਥਿਤੀਆਂ ਦਾ ਸਾਹਮਣਾ ਕਰਦੇ ਹੋਏ ਦਿਖਾਇਆ ਗਿਆ ਹੈ। ਪਾਤਰ ਆਪਣੇ ਅਤੀਤ ਦੇ ਭੂਤਾਂ ਤੋਂ ਆਜ਼ਾਦੀ ਦੀ ਮੰਗ ਕਰਦਾ ਹੈ, ਉਸਦੇ ਦੂਤ ਚਿੱਤਰ ਦੁਆਰਾ ਮਾਰਗਦਰਸ਼ਨ ਕਰਦਾ ਹੈ, ਪਰ ਪਲਾਟ ਇੱਕ ਅਪੂਰਣ ਪਰ ਸੁੰਦਰ ਪ੍ਰੇਮ ਰੁਚੀ ਦੀ ਸ਼ੁਰੂਆਤ ਨਾਲ ਡੂੰਘਾ ਹੁੰਦਾ ਹੈ, ਕਹਾਣੀ ਨੂੰ ਬੁਰਾਈ ਦੇ ਵਿਰੁੱਧ ਨਿੱਜੀ ਅਤੇ ਪੇਸ਼ੇਵਰ ਸੰਘਰਸ਼ਾਂ ਦਾ ਇੱਕ ਮਜਬੂਰ ਕਰਨ ਵਾਲਾ ਮਿਸ਼ਰਣ ਬਣਾਉਂਦਾ ਹੈ। ਇਸ ਨਾਵਲ ਦਾ ਉਦਘਾਟਨ ਕਰਦਿਆਂ ਸੀਨੀਅਰ ਪੱਤਰਕਾਰ ਇਰਵਿਨ ਖੰਨਾ ਨੇ ਕਿਹਾ ਕਿ ਜਦੋਂ ਮਨੁੱਖ 'ਮੈਂ' ਤੋਂ ਉੱਠ ਕੇ 'ਅਸੀਂ' ਦੀ ਭਾਵਨਾ ਵਿੱਚ ਪ੍ਰਵੇਸ਼ ਕਰਦਾ ਹੈ ਤਾਂ ਹੀ ਉਹ ਸਿਸਟਮ ਨੂੰ ਚੁਣੌਤੀ ਦਿੰਦਾ ਹੈ। ਖੰਨਾ ਨੇ ਭਰੋਸਾ ਪ੍ਰਗਟਾਇਆ ਕਿ ਨਾਵਲ 'ਦਿ ਕਰੂਸੇਡਰ ਫਾਈਲਜ' ਨਾ ਸਿਰਫ ਜਨਤਕ ਖੇਤਰ ਸਗੋਂ ਆਮ ਲੋਕਾਂ ਲਈ ਵੀ ਦਿਲਚਸਪ ਅਤੇ ਸਵੀਕਾਰਯੋਗ ਸਾਬਤ ਹੋਵੇਗਾ। ਲੇਖਕ ਸੰਦੀਪ ਜੈਨ ਨੇ ਦੱਸਿਆ ਕਿ 'ਦਿ ਕਰੂਸੇਡਰ ਫਾਈਲਜ' ਸਿਰਫ ਇੱਕ ਆਦਮੀ ਦੀ ਲੜਾਈ ਬਾਰੇ ਨਹੀਂ ਹੈ; ਇਹ ਜਨਤਕ ਖੇਤਰ ਦੀਆਂ ਸੰਸਥਾਵਾਂ ਦੇ ਅਣਗਿਣਤ ਨਾਇਕਾਂ ਨੂੰ ਸ਼ਰਧਾਂਜਲੀ ਵੀ ਹੈ।

ਇਹ ਉਹਨਾਂ ਨੂੰ ਦਰਪੇਸ਼ ਚੁਣੌਤੀਆਂ ਅਤੇ ਤਬਦੀਲੀ ਲਿਆਉਣ ਲਈ ਲੋੜੀਂਦੇ ਅਟੁੱਟ ਇਰਾਦੇ ਨੂੰ ਉਜਾਗਰ ਕਰਦਾ ਹੈ। ਇਸ ਮੌਕੇ ਸਾਹਿਤ ਜਗਤ ਦੀਆਂ ਨਾਮਵਰ ਹਸਤੀਆਂ ਅਤੇ ਹੋਰ ਪਤਵੰਤੇ ਵੀ ਹਾਜਰ ਸਨ।

ਕੂੜਾ ਕਰਕਟ ਸੁੱਟ ਕੇ ਗੰਦਗੀ ਫੈਲਾਉਣ ਵਾਲਿਆਂ ਵਿਰੁੱਧ ਸਖਤੀ ਵਰਤਣ ਦੀ ਹਦਾਇਤ

ਅੰਮ੍ਰਿਤਸਰ (ਨਰਿੰਦਰਜੀਤ ਸਿੰਘ)-ਡਿਪਟੀ ਕਮਿਸ਼ਨਰ ਅਮਿਤ ਤਲਵਾੜ ਵੱਲੋਂ ਬੀਤੀ ਸ਼ਾਮ ਕੀਤੀਆਂ ਗਈਆਂ ਹਦਾਇਤਾਂ ਦੇ ਮੱਦੇਨਜ਼ਰ ਅੱਜ ਸਾਰੇ ਵਿਭਾਗਾਂ ਨੇ ਆਪਣੇ ਦਫਤਰਾਂ ਵਿੱਚ ਸਫਾਈ ਮੁਹਿੰਮ ਵਿੱਢੀ ਰੱਖੀ। ਛੁੱਟੀ ਦੇ ਬਾਵਜੂਦ ਸਾਰੇ ਜ਼ਿਲਾ ਅਧਿਕਾਰੀ ਅਤੇ ਸਟਾਫ ਆਪਣੇ ਦਫਤਰਾਂ ਦੀ ਸਫਾਈ ਕਰਦੇ ਨਜ਼ਰ ਆਏ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਆਪਣੇ ਆਲੇ ਦੁਆਲੇ ਦੀ ਸਾਫ਼ ਸਫਾਈ ਨੂੰ ਯਕੀਨੀ ਬਣਾਉਣਾ ਸਭ ਦਾ ਨੈਤਿਕ ਫਰਜ਼ ਹੈ। ਉਨ੍ਹਾਂ ਇਸ ਦੀ ਸ਼ੁਰੂਆਤ ਆਪਣੇ ਦਫਤਰਾਂ ਤੋਂ ਕਰਨ ਦੀ ਹਦਾਇਤ ਕਰਦੇ ਸਾਰੇ ਅਧਿਕਾਰੀਆਂ ਨੂੰ ਸਫਾਈ ਕਰਨ ਲਈ ਕਿਹਾ ਸੀ ਜਿਸਦੇ ਚੱਲਦੇ ਅੱਜ ਸਾਰੇ ਅਧਿਕਾਰੀ ਤੇ ਕਰਮਚਾਰੀ ਬੜੇ ਉਤਸ਼ਾਹ ਨਾਲ ਦਫਤਰਾਂ ਦੀ ਸਫਾਈ ਕਰਦੇ ਰਹੇ। ਉਨ੍ਹਾਂ ਕਿਹਾ ਕਿ ਜੇਕਰ ਕੋਈ ਵੀ ਵਿਅਕਤੀ ਜਾਣਬੁੱਝ ਕੇ ਆਪਣੇ ਅਜਿਹੇ ਨੈਤਿਕ ਫਰਜ਼ਾਂ ਤੋਂ ਮੂੰਹ ਮੋੜ ਕੇ ਘਰਾਂ ਦਾ ਕੂੜਾ ਕਰਕਟ ਜਨਤਕ ਸਥਾਨਾਂ, ਗਿਰਜਿਸ਼ੀ ਤੇ ਵਪਾਰਕ ਸੰਸਥਾਨਾਂ ਦੇ ਆਲੇ ਦੁਆਲੇ ਸੁੱਟ ਕੇ ਗੰਦਗੀ ਫੈਲਾਉਂਦਾ ਪਾਇਆ ਜਾਂਦਾ ਹੈ ਤਾਂ ਉਸ ਵਿਰੁੱਧ ਵੀ ਸਖਤ ਕਾਰਵਾਈ ਕੀਤੀ ਜਾਵੇ। ਉਨ੍ਹਾਂ ਨਗਰ ਕੌਂਸਲ ਦੇ ਅਧਿਕਾਰੀਆਂ ਨੂੰ ਇਹ ਯਕੀਨੀ ਬਣਾਉਣ ਲਈ ਕਿਹਾ ਕਿ ਘਰਾਂ ਵਿੱਚੋਂ ਕੂੜਾ ਕਰਕਟ ਇਕੱਤਰ ਕਰਨ ਸਮੇਂ ਵਰਤੇ ਜਾਣ ਵਾਲੇ ਵਾਹਨਾਂ ਵਿੱਚੋਂ ਕੂੜਾ ਕਰਕਟ ਰਸਤਿਆਂ ਵਿੱਚ ਨਾ ਖਿੱਲਰੇ ਅਤੇ ਕੂੜੇ ਦੇ ਡੰਪਾਂ ਤੋਂ ਸਮੇਂ ਸਿਰ ਕੂੜੇ ਦੀ ਚੁਕਾਈ ਨੂੰ ਯਕੀਨੀ ਬਣਾਇਆ ਜਾਵੇ।

ਨਸ਼ੀਲੇ ਪਦਾਰਥ ਸਮੇਤ ਇੱਕ ਔਰਤ ਤੇ ਇੱਕ ਮਰਦ ਗ੍ਰਿਫਤਾਰ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)- ਇੰਸ: ਕਰਨੈਲ ਸਿੰਘ ਮੁੱਖ ਅਫਸਰ ਥਾਣਾ ਮਾਡਲ ਟਾਊਨ ਹੁਸ਼ਿਆਰਪੁਰ ਨੇ ਸਮੇਤ ਸਾਥੀ ਕਰਮਚਾਰੀਆਂ ਗਸ਼ਤ ਦੌਰਾਨ ਇੱਕ ਔਰਤ ਅਤੇ ਇੱਕ ਵਿਅਕਤੀ ਨੂੰ ਰੋਕਿਆ। ਔਰਤ ਪ੍ਰੀਤੀ ਸਿੱਧੂ ਪਤਨੀ ਸਨੀ ਸਿੱਧੂ ਵਾਸੀ ਪਿੰਡ ਹਰਦੋਖਾਨਪੁਰ ਥਾਣਾ ਮਾਡਲ ਟਾਊਨ ਹੁਸ਼ਿਆਰਪੁਰ ਅਤੇ ਵਿਅਕਤੀ ਕੁਲਜੀਤ ਕੁਮਾਰ ਉਰਫ ਦੀਪੂ ਪੁੱਤਰ ਛੋਟੂ ਰਾਮ ਵਾਸੀ ਪਿੰਡ ਹਰਦੋਖਾਨਪੁਰ ਥਾਣਾ ਮਾਡਲ ਟਾਊਨ ਹੁਸ਼ਿਆਰਪੁਰ ਦੀ ਤਲਾਸ਼ੀ ਕਰਨ ਉਪਰੰਤ ਪ੍ਰੀਤੀ ਸਿੱਧੂ ਉਕਤ ਪਾਸੋਂ 260 ਗ੍ਰਾਮ ਨਸ਼ੀਲਾ ਪਦਾਰਥ ਅਤੇ ਕੁਲਜੀਤ ਉਰਫ ਦੀਪੂ ਉਕਤ ਪਾਸੋਂ 32 ਗ੍ਰਾਮ ਹੈਰੋਇਨ ਬਰਾਮਦ ਹੋਣ 'ਤੇ ਉਨ੍ਹਾਂ ਖਿਲਾਫ ਥਾਣਾ ਮਾਡਲ ਟਾਊਨ ਮੁਕੱਦਮਾ ਦਰਜ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਪ੍ਰੀਤੀ ਸਿੱਧੂ ਅਤੇ ਕੁਲਜੀਤ ਕੁਮਾਰ ਉਰਫ ਦੀਪੂ ਨੂੰ ਅਦਾਲਤ 'ਚ ਪੇਸ਼ ਕਰਕੇ ਇਨ੍ਹਾਂ ਦਾ ਰਿਮਾਡ ਹਾਸਲ ਕਰਕੇ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾਵੇਗੀ ਕਿ ਇਹ ਨਸ਼ਾ ਕਿੱਥੋਂ ਖਰੀਦ ਕਰਦੇ ਹਨ ਅਤੇ ਕਿਸ ਕਿਸ ਨੂੰ ਵੇਚਦੇ ਹਨ।

ਸ਼ਮਸ਼ੇਰ ਸਿੰਘ ਤੇ ਬਲਬੀਰ ਪੰਨੂ ਦਾ ਤਾਜਪੋਸ਼ੀ ਸਮਾਗਮ

ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)-ਆਮ ਆਦਮੀ ਪਾਰਟੀ ਦੇ ਨਵ ਨਿਯੁਕਤ ਜ਼ਿਲ੍ਹਾ ਪ੍ਰਧਾਨਾਂ, ਜ਼ਿਲ੍ਹਾ ਪ੍ਰਧਾਨ ਸ਼ਹਿਰੀ ਸ਼ਮਸ਼ੇਰ ਸਿੰਘ ਅਤੇ ਜ਼ਿਲ੍ਹਾ ਪ੍ਰਧਾਨ ਦਿਹਾਤੀ ਬਲਬੀਰ ਸਿੰਘ ਪੰਨੂ ਦਾ ਤਾਜਪੋਸ਼ੀ ਸਮਾਗਮ ਬਰਿਆਰ ਬਾਈਪਾਸ ਸਥਿਤ ਪੀਐੱਸ ਗਾਰਡਨ ਵਿਖੇ ਕਰਵਾਇਆ ਗਿਆ। ਸਮਾਗਮ ਵਿੱਚ ਆਮ ਆਦਮੀ ਪਾਰਟੀ ਦੇ ਸੂਬਾ ਕਾਰਜਕਾਰੀ ਪ੍ਰਧਾਨ ਪ੍ਰਿੰਸੀਪਲ ਬੁੱਧ ਰਾਮ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਜਦੋਂਕਿ ਪਾਰਟੀ ਦੇ ਸੂਬਾ ਜਨਰਲ ਸਕੱਤਰ ਐਕਵੋਕੇਟ ਜਗਰੂਪ ਸਿੰਘ ਸੇਖਵਾਂ, ਵਿਧਾਇਕ ਐਡਵੋਕੇਟ ਅਮਰਪਾਲ ਸਿੰਘ, ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ, ਡੇਰਾ ਬਾਬਾ ਨਾਨਕ ਦੇ ਹਲਕਾ ਇੰਚਾਰਜ ਗੁਰਦੀਪ ਸਿੰਘ ਰੰਧਾਵਾ ਅਤੇ ਚੇਅਰਮੈਨ ਨਰੇਸ਼ ਗੋਇਲ ਵਿਸ਼ੇਸ਼ ਮਹਿਮਾਨਾਂ ਵਜੋਂ ਸ਼ਾਮਲ ਹੋਏ। ਸਮਾਗਮ 'ਚ ਮੌਜੂਦ ਠਾਠਾਂ ਮਾਰਦੇ ਇਕੱਠ ਨੂੰ ਸੰਬੋਧਨ ਕਰਦਿਆਂ ਪਾਰਟੀ ਦੇ ਸੂਬਾ ਪ੍ਰਧਾਨ ਪ੍ਰਿੰ. ਬੁੱਧ ਰਾਮ ਨੇ ਕਿਹਾ ਕਿ ਲੋਕਾਂ ਦੇ ਇਕੱਠ ਨੂੰ ਵਖੇ ਕੇ ਇੰਝ ਲੱਗਦਾ ਹੈ ਜਿਵੇਂ ਮਾਝੇ ਅੰਦਰ ਵੀ ਆਪ ਦੀ ਕ੍ਰਾਂਤੀ ਆ ਗਈ ਹੋਵੇ ਅਤੇ ਇਹ ਕ੍ਰਾਂਤੀ 2024 ਦੀਆਂ ਆਮ ਚੋਣਾਂ ਵਿੱਚ ਰਵਾਇਤੀ ਪਾਰਟੀਆਂ ਦਾ ਬੋਰੀ ਬਿਸਤਰਾ ਗੋਲ ਕਰੇਗੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਦੇ ਲੋਕਾਂ ਨੂੰ ਇਕ ਇਮਾਨਦਾਰ ਸਰਕਾਰ ਮਿਲੀ ਹੈ, ਜੋ ਲਗਾਤਾਰ ਲੋਕ ਹਿੱਤ ਵਿੱਚ ਫੈਸਲੇ ਲੈ ਰਹੀ ਹੈ ਅਤੇ ਸਰਕਾਰ ਦੇ ਫੈਸਲਿਆਂ ਨਾਲ ਪੰਜਾਬ ਦੇ ਲੋਕਾਂ ਨੂੰ ਚੰਗੇ ਦਿਨ ਪਰਤਣ ਦੀ ਉਮੀਦ ਬੱਝੀ ਹੈ।

ਅੰਤ ਵਿੱਚ ਨਵ ਨਿਯੁਕਤ ਜ਼ਿਲ੍ਹਾ ਪ੍ਰਧਾਨਾਂ, ਜ਼ਿਲ੍ਹਾ ਸ਼ਹਿਰੀ ਪ੍ਰਧਾਨ ਸ਼ਮਸ਼ੇਰ ਸਿੰਘ ਅਤੇ ਦਿਹਾਤੀ ਜ਼ਿਲ੍ਹਾ ਪ੍ਰਧਾਨ ਬਲਬੀਰ ਸਿੰਘ ਪੰਨੂ ਨੇ ਮੁੱਖ ਮਹਿਮਾਨ ਅਤੇ ਹੋਰਨਾਂ ਮਹਿਮਾਨਾਂ ਸਣੇ ਸਮਾਗਮ ਵਿੱਚ ਆਏ ਜ਼ਿਲ੍ਹੇ ਭਰ ਦੇ ਲੋਕਾਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਉਹ ਨਵੀਂ ਜ਼ਿੰਮੇਵਾਰੀ ਨੂੰ ਤਨਦੇਹੀ ਨਾਲ ਨਿਭਾਉਂਦੇ ਹੋਏ ਜ਼ਿਲ੍ਹੇ ਅੰਦਰ ਆਮ ਆਦਮੀ ਪਾਰਟੀ ਨੂੰ ਹੋਰ ਵੀ ਮਜ਼ਬੂਤ ਕਰਨਗੇ।

ਸੂਚਨਾ ਕਮਿਸ਼ਨਰ ਵੱਲੋਂ ਐੱਸ ਐੱਮ ਓ ਨੂੰ ਜ਼ੁਰਮਾਨਾ ਤੇ ਖੁਦ ਹਾਜ਼ਰ ਹੋਣ ਦੇ ਆਦੇਸ਼

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)- ਸੂਚਨਾ ਕਮਿਸ਼ਨਰ ਪੰਜਾਬ ਨੇ ਸਿਵਲ ਹਸਪਤਾਲ ਹੁਸ਼ਿਆਰਪੁਰ ਦੀ ਇੰਚਾਰਜ ਡਾ. ਸਵਾਤੀ ਸ਼ੀਮਾਰ ਐੱਸ ਐੱਮ ਓ ਨੂੰ ਇੱਕ ਆਰ ਟੀ ਆਈ ਐਕਟਿਵਿਸਟ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ 'ਤੇ ਸਖ਼ਤ ਨੋਟਿਸ ਲੈਂਦਿਆਂ ਦੋ ਵੱਖ ਵੱਖ ਕੇਸਾਂ ਦੀ ਸੁਣਵਾਈ ਕਰਦੇ ਹੋਏ 5-5 ਹਜਾਰ ਰੁਪਏ ਜੁਰਮਾਨਾ ਕੀਤਾ ਹੈ ਅਤੇ ਅਗਲੀ ਪੇਸ਼ੀ 'ਤੇ ਖੁਦ ਹਾਜ਼ਰ ਹੋਣ ਦੇ ਆਦੇਸ਼ ਜਾਰੀ ਕੀਤੇ ਹਨ। ਆਰ ਟੀ ਆਈ ਐਕਟਿਵਿਸਟ ਦਵਿੰਦਰ ਕੁਮਾਰ ਸ਼ੀਹਮਾਰ ਨੇ ਦੱਸਿਆ ਕਿ ਉਸ ਨੇ ਸਿਵਲ ਹਸਪਤਾਲ ਹੁਸ਼ਿਆਰਪੁਰ ਪਾਸੋਂ ਸੂਚਨਾ ਦੇ ਅਧਿਕਾਰ ਤਹਿਤ ਜਾਣਕਾਰੀ ਲੈਣ ਲਈ ਦੋ ਵੱਖ ਵੱਖ ਪਟੀਸ਼ਨਾਂ ਦਾਖਿਲ ਕੀਤੀਆਂ ਸਨ ਜਿਸ ਬਾਰੇ ਸੂਚਨਾ ਦੇਣ ਵਿੱਚ ਉਕਤ ਅਧਿਕਾਰੀ ਵੱਲੋਂ ਲਗਾਤਾਰ ਆਨੇ ਬਹਾਨੇ ਟਾਲ ਮਟੋਲ ਕੀਤੀ ਜਾ ਰਹੀ ਸੀ। ਜਿਸ 'ਤੇ ਉਸ ਨੇ ਸੂਚਨਾ ਕਮਿਸ਼ਨਰ ਪੰਜਾਬ ਨੂੰ ਅਪੀਲ ਕੀਤੀ। ਸੂਚਨਾ ਕਮਿਸ਼ਨਰ ਪੰਜਾਬ ਨੇ ਦੋਵੇਂ ਕੇਸਾਂ ਵਿੱਚ ਵੱਖੋ ਵੱਖਰੇ 5-5 ਹਜਾਰ ਰੁਪਏ ਜੁਰਮਾਨੇ ਦੀ ਰਕਮ ਸਰਕਾਰੀ ਖਜ਼ਾਨੇ ਵਿੱਚ ਤੁਰੰਤ ਜ਼ਮਾ ਕਰਵਾਉਣ ਦੇ ਹੁਕਮ ਜਾਰੀ ਕਰਦਿਆਂ ਅਗਲੀ ਪੇਸ਼ੀ 'ਤੇ ਉਕਤ ਸਿਹਤ ਅਧਿਕਾਰੀ ਦੀ ਹਾਜ਼ਰੀ ਯਕੀਨੀ ਬਣਾਉਣ ਅਤੇ ਪੰਜਾਬ ਸੂਚਨਾ ਕਮਿਸ਼ਨ ਵੱਲੋਂ ਦਿੱਤੇ ਹੁਕਮਾਂ ਦੀ ਇੰਨ ਬਿੰਨ ਪਾਲਣਾ ਕਰਵਾਉਣ ਲਈ ਪ੍ਰਿੰਸੀਪਲ ਸਕੱਤਰ ਪੰਜਾਬ ਸਰਕਾਰ ਤੇ ਸਿਹਤ ਅਤੇ ਪਰਵਾਰ ਭਲਾਈ ਵਿਭਾਗ ਚੰਡੀਗੜ੍ਹ ਨੂੰ ਵੀ ਲਿਖਤੀ ਆਦੇਸ਼ ਜਾਰੀ ਕੀਤੇ ਹਨ।

ਖੁੰਬਾਂ ਦੀ ਖੇਤੀ ਲਈ 10 ਰੋਜ਼ਾ ਸਿਖਲਾਈ ਕੋਰਸ ਆਯੋਜਿਤ

ਬਠਿੰਡਾ (ਪਰਵਿੰਦਰ ਜੀਤ ਸਿੰਘ)-ਕ੍ਰਿਸ਼ੀ ਵਿਗਿਆਨ ਕੇਂਦਰ ਵੱਲੋਂ ਖੁੰਬਾਂ ਦੀ ਖੇਤੀ ਦੇ ਮੱਦੇਨਜ਼ਰ 10 ਰੋਜ਼ਾ ਸਿਖਲਾਈ ਕੋਰਸ ਆਯੋਜਤ ਕੀਤਾ ਗਿਆ। ਇਸ ਸਿਖਲਾਈ ਕੋਰਸ ਦੌਰਾਨ 50 ਸਿਖਿਆਰਥੀਆਂ ਦੇ ਭਾਗ ਲਿਆ। ਇਸ ਸਿਖਲਾਈ ਦੌਰਾਨ ਡਾ. ਸਰਵਪ੍ਰਿਆ ਸਿੰਘ (ਫ਼ਲ ਵਿਗਿਆਨ) ਨੇ ਪੰਜਾਬ ਵਿੱਚ ਹੋਣ ਵਾਲੀਆਂ ਖੁੰਬਾਂ ਦੀ ਤਕਨੀਕੀ ਅਤੇ ਪ੍ਰਯੋਗੀ ਜਾਣਕਾਰੀ ਦਿੱਤੀ। ਡਾ. ਸਰਵਪ੍ਰਿਆ ਸਿੰਘ ਨੇ ਢੀਂਗਰੀ ਖੁੰਬ, ਬਟਨ ਖੁੰਬ, ਪਰਾਲੀ ਖੁੰਬ, ਸਿਟਾਕੀ ਖੁੰਬ ਅਤੇ ਮਿਲਕੀ ਖੁੰਬ ਆਦਿ ਬਾਰੇ ਚਾਣਨਾ ਪਾਇਆ ਤਾਂ ਜੁ ਹਰੇਕ ਸਿਖਿਆਰਥੀ ਹਰ ਪਹਿਲੂ ਤੋਂ ਜਾਣੂ ਹੋਵੇ ਜਿਵੇਂ ਕਿ ਕੰਪੋਸ਼ਟ ਬਣਾਉਣੀ, ਕੋਂਸਿੰਗ ਕਰਨੀ, ਸਪਾਨਿੰਗ ਕਰਨ ਦੀਆਂ ਵੱਖ-ਵੱਖ ਤਕਨੀਕਾਂ ਰਾਹੀਂ ਕਿਵੇਂ ਖੁੰਬਾਂ ਦੀ ਕਾਸ਼ਤ ਕੀਤੀ ਜਾਣੀ ਹੈ। ਇਸ ਦੌਰਾਨ ਡਾ. ਜਸਵਿੰਦਰ ਕੌਰ ਨੇ ਖੁੰਬਾਂ ਦਾ ਆਚਾਰ ਬਣਾਉਣ ਦਾ ਤਰੀਕਾ ਵੀ ਦੱਸਿਆ। ਡਾ. ਅਜੀਤਪਾਲ ਸਿੰਘ ਧਾਲੀਵਾਲ ਨੇ ਖੁੰਬਾਂ ਦੀ ਰਹਿੰਦ-ਖੂੰਹਦ ਦੀ ਵਰਤੋਂ ਕਰਨ ਦਾ ਤਰੀਕਾ ਦੱਸਿਆ। ਇਸ ਦੌਰਾਨ ਡਾ. ਵਿਨੈ ਪਠਾਣੀਆ ਨੇ ਖੁੰਬਾਂ ਦੇ ਕੀਟ ਪ੍ਰਬੰਧਨ ਬਾਰੇ ਜਾਣਕਾਰੀ ਸਾਂਝੀ ਕੀਤੀ। ਡਾ. ਇੰਦਰਜੀਤ ਸਿੰਘ ਜਸਲ (ਬਾਗਵਾਨੀ ਵਿਕਾਸ ਅਫ਼ਸਰ ਨੇ ਮਹਿਕਮੇ ਦੀਆਂ ਵੱਖ-ਵੱਖ ਸਕੀਮਾਂ ਬਾਰੇ ਜਾਗਰੂਕ ਕੀਤਾ। ਡਾ. ਗੁਰਮੀਤ ਸਿੰਘ ਢਿੱਲੋਂ ਨੇ ਡੱਬਾਬੰਦੀ ਅਤੇ ਮੰਡੀਕਰਨ ਬਾਰੇ ਪ੍ਰੋਸਾਹਿਤ ਕੀਤਾ।

ਕ੍ਰਿਸ਼ੀ ਵਿਗਿਆਨ ਕੇਂਦਰ ਦੇ ਡਿਪਟੀ ਡਾਇਰੈਕਟਰ ਡਾ. ਗੁਰਦੀਪ ਸਿੰਘ ਸਿੱਧੂ ਨੇ ਸਿਖਲਾਈ ਦੌਰਾਨ ਆਪਣੇ ਸੰਬੋਧਨ ਵਿੱਚ ਇਸ ਸਿਖਲਾਈ ਨੂੰ ਕਿੱਤੇ ਦੇ ਤੌਰ 'ਤੇ ਅਪਨਾਉਣ ਲਈ ਪ੍ਰੇਰਿਤ ਕੀਤਾ ਤੇ ਕਿਹਾ ਕਿ ਇਸ ਕਿੱਤਾ-ਮੁਖੀ ਸਿਖਲਾਈ ਦਾ ਮਕਸਦ ਕਿਸਾਨ/ਕਿਸਾਨ ਬੀਬੀਆਂ/ਨੌਜਵਾਨਾਂ ਨੂੰ ਆਪਣੇ ਪੈਰਾਂ 'ਤੇ ਖੜੇ ਹੋ ਸਕਣ ਅਤੇ ਘਰ ਦੀ ਆਮਦਨ ਵਧਾਉਣ ਵਿੱਚ ਬਣਦਾ ਯੋਗਦਾਨ ਪਾ ਸਕਣ ਅਤੇ ਚੰਗਾ ਤੇ ਚੌਖਾ ਮੁਨਾਫ਼ਾ ਕਮਾ ਸਕਣ।

ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

ਆਮ ਸੂਚਨਾ

ਮੈਂ, ਪਰਮਜੀਤ ਕੌਰ ਪਤਨੀ ਲੇਟ ਜੋਗਿੰਦਰ ਸਿੰਘ ਵਾਸੀ 228/2, ਸ਼ਮਸ਼ੇਰ ਨਗਰ, ਛੇਹਰਟਾ, ਅੰਮ੍ਰਿਤਸਰ ਨੇ ਆਪਣੀ ਲੜਕੀ ਸੁਖਪ੍ਰੀਤ ਕੌਰ ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕੀਤਾ ਸੀ ਹੁਣ ਮੇਰੀ ਲੜਕੀ ਸੁਖਪ੍ਰੀਤ ਕੌਰ ਮੇਰੇ ਕਹਿਣੇ ਵਿਚ ਹੈ ਮੇਰੀ ਹਰ ਗੱਲ ਮੰਨਦੀ ਹੈ ਅਤੇ ਹੁਣ ਸੁਧਰ ਗਈ ਹੈ ਮੈਂ ਇਸ ਦਾ ਬੇਦਖਲੀ ਨੋਟਿਸ ਵਾਪਿਸ ਲੈਂਦੀ ਹਾਂ ਹੁਣ ਸੁਖਪ੍ਰੀਤ ਕੌਰ ਮੇਰੀ ਚੱਲ ਅਚੱਲ ਜਾਇਦਾਦ ਦੀ ਕਾਨੂੰਨੀ ਵਾਰਸ ਮੰਨਿਆ ਜਾਵੇਗਾ। (Arora)

ਇੱਕ ਟਿਊਬਵੈੱਲ ਕੁਨੈਕਸ਼ਨ ਖਾਤਾ ਨੰਬਰ ਐੱਫ 53 ਏ ਪੀ 06/0354 ਐੱਚ 20 ਬੀ ਐੱਚ ਪੀ ਜੋ ਕਿ ਕਰਮ ਸਿੰਘ ਪੁੱਤਰ ਸੱਜਣ ਸਿੰਘ ਪਿੰਡ ਝੰਡਿਆਣਾ ਸਰਕੀ ਹਾਲ ਆਬਾਦ # 58 11267 133 Street Plave the City of Surrey in the Pronvince of British Columbia, V3R oE3, Canada ਦੇ ਰਹਿਣ ਵਾਲੇ ਹਾਂ। ਲਖਵਿੰਦਰ ਕੌਰ ਪਤਨੀ ਮਨਦੀਪ ਸਿੰਘ ਵਾਸੀ ਝੰਡਿਆਣਾ ਸਰਕੀ ਤਹਿ: ਤੇ ਜ਼ਿਲ੍ਹਾ ਮੋਗਾ ਟਿਊਬਵੈੱਲ ਕੁਨੈਕਸ਼ਨ ਖਾਤਾ ਨੰ: ਏ ਪੀ 06/354 Y ਆਪਣੇ ਨਾਂਅ ਉੱਪਰ ਤਬਦੀਲ ਕਰਨ ਵਾਸਤੇ ਬਿਨੈ ਪੱ

24-Sep-PAGE-7.qxd 9/23/2023 10:20 PM Page 1

ਦੋ ਧੜਿਆਂ ਦੀ ਲੜਾਈ 'ਚ ਨੌਜਵਾਨ ਦਾ ਕਤਲ

ਚਮਕੌਰ ਸਾਹਿਬ, (ਗੁਰਵਿੰਦਰਪਾਲ ਸਿੰਘ ਬੰਬੀ)-ਚਮਕੌਰ ਸਾਹਿਬ ਥਾਣੇ ਅਧੀਨ ਪੈਂਦੇ ਪਿੰਡ ਧੌਲਰਾ ਦੇ ਪੁਲ ਨਜਦੀਕ ਬੀਤੀ ਦੇਰ ਰਾਤ ਦੋ ਧੜਿਆਂ ਦੀ ਹੋਈ ਲੜਾਈ ਦੌਰਾਨ ਇੱਕ ਨੌਜਵਾਨ ਦੀ ਮੌਤ ਹੋ ਗਈ । ਮ੍ਰਿਤਕ ਦੀ ਪਹਿਚਾਣ ਧੀਰਜ ਕੁਮਾਰ (22) ਪਿੰਡ ਬਸੀ ਗੁੱਜਰਾਂ ਵਜੋਂ ਹੋਈ ਹੈ । ਪੁਲਸ ਵੱਲੋਂ ਇਸ ਕਤਲ ਸਬੰਧੀ ਕੁੱਝ ਨੌਜਵਾਨਾਂ ਨੂੰ ਰਾਤ ਹੀ ਸਰਕਾਰੀ ਹਸਪਤਾਲ ਚਮਕੌਰ ਸਾਹਿਬ ਤੋਂ ਗ੍ਰਿਫਤਾਰ ਕਰ ਲਿਆ ਦੱਸਿਆ ਜਾ ਰਿਹਾ ਹੈ , ਜੋ ਕਿ ਜਖਮੀ ਹਾਲਤ ਵਿੱਚ ਹਸਪਤਾਲ ਵਿਖੇ ਦਾਖਲ ਹੋ ਗਏ ਸਨ । ਮੁਲਜਮਾਂ ਦਾ ਸਬੰਧ ਇੱਕ ਨੇੜਲੇ ਨਿਹੰਗਾਂ ਦੇ ਡੇਰੇ ਨਾਲ ਦੱਸਿਆ ਜਾ ਰਿਹਾ ਹੈ । ਦੂਜੇ ਪਾਸੇ ਪੁਲਸ ਵੱਲੋਂ ਤਿੰਨ ਨੌਜਵਾਨਾਂ ਸਮੇਤ ਦੋ - ਤਿੰਨ ਹੋਰ ਅਣਪਛਾਤੇ ਨੌਜਵਾਨਾਂ ਵਿਰੁੱਧ ਕੇਸ ਦਰਜ ਕਰਕੇ ਉਨ੍ਹਾਂ ਦੀ ਭਾਲ ਸ਼ੁਰੂ ਕਰ ਦਿੱਤੀ ਗਈ ਹੈ । ਥਾਣਾ ਮੁਖੀ ਹਰਸ਼ ਮੋਹਣ ਗੌਤਮ ਨੇ ਦੱਸਿਆ ਕਿ ਪੁਲਸ ਨੇ ਮ੍ਰਿਤਕ ਧੀਰਜ ਕੁਮਾਰ ਦੇ ਚਾਚੇ ਸੁਖਵਿੰਦਰ ਸਿੰਘ ਦੇ ਬਿਆਨਾਂ ਦੇ ਆਧਾਰ 'ਤੇ ਓਂਕਾਰ ਸਿੰਘ ਪਿੰਡ ਬਸੀ ਗੁੱਜਰਾਂ, ਦਮਨਪ੍ਰੀਤ ਸਿੰਘ ਵਾਸੀ ਚਮਕੌਰ ਸਾਹਿਬ ਅਤੇ ਨਵਜੋਤ ਸਿੰਘ ਨਵੀਂ ਪਿੰਡ ਰਾਏਪੁਰ ਸਮੇਤ ਦੋ - ਤਿੰਨ ਹੋਰ ਅਣਪਛਾਤੇ ਨੌਜਵਾਨਾਂ ਵਿਰੁੱਧ ਕੇਸ ਦਰਜ ਕਰ ਲਿਆ ਹੈ । ਉਨ੍ਹਾਂ ਦੱਸਿਆ ਕਿ ਬਿਆਨਕਰਤਾ ਨੇ ਆਪਣੇ ਬਿਆਨਾਂ ਵਿੱਚ ਕਿਹਾ ਕਿ ਉਹ ਜਦੋਂ ਬੀਤੀ ਰਾਤ ਆਪਣੇ ਮੋਟਰਸਾਈਕਲ 'ਤੇ ਪਿੰਡ ਫਤਹਿਪੁਰ ਨੂੰ ਜਾ ਰਿਹਾ ਸੀ ਤਾਂ ਪਿੰਡ ਧੌਲਰਾ ਦੇ ਪੁਲ ਨਜਦੀਕ ਉਕਤ ਨੌਜਵਾਨ , ਜਿਨ੍ਹਾਂ ਦੇ ਹੱਥਾਂ ਵਿੱਚ ਰਾਡਾਂ , ਡੰਡੇ ਅਤੇ ਤੇਜਧਾਰ ਹਥਿਆਰ ਫੜੇ ਹੋਏ ਸਨ, ਉਸ ਦੇ ਭਤੀਜੇ ਧੀਰਜ ਕੁਮਾਰ ਅਤੇ ਸੁਖਦੀਪ ਸਿੰਘ ਪਿੰਡ ਰੱਤੋ ਨਾਲ ਕੁੱਟਮਾਰ ਕਰ ਰਹੇ ਸਨ , ਜਦੋਂ ਉਸ ਨੇ ਕੋਲ ਜਾ ਕੇ ਵੇਖਿਆ ਤਾਂ ਧੀਰਜ ਕੁਮਾਰ ਦੇ ਮੱਥੇ 'ਤੇ ਸੱਟ ਲੱਗਣ ਕਾਰਨ ਕਾਫੀ ਖੂਨ ਨਿਕਲ ਰਿਹਾ ਸੀ ਅਤੇ ਦੋਵੇਂ ਜਾਣੇ ਧਰਤੀ 'ਤੇ ਡਿੱਗੇ ਹੋਏ ਸਨ ਅਤੇ ਲੜਾਈ ਦੀ ਅਵਾਜ਼ ਸੁਣ ਕੇ ਉਨ੍ਹਾਂ ਦੇ ਪਿੰਡ ਤੋਂ ਰਘਵੀਰ ਸਿੰਘ ਅਤੇ ਗੁਰਦੇਵ ਸਿੰਘ ਵੀ ਮੌਕੇ 'ਤੇ ਪਹੁੰਚ ਗਏ । ਉਕਤ ਹਮਲਾਵਰ ਉਨ੍ਹਾਂ ਸਾਰਿਆਂ ਨੂੰ ਵੇਖ ਕੇ ਉੱਥੋਂ ਫਰਾਰ ਹੋ ਗਏ ਅਤੇ ਉਨ੍ਹਾਂ ਜਖਮੀ ਹੋਏ ਧੀਰਜ ਕੁਮਾਰ ਅਤੇ ਸੁਖਦੀਪ ਸਿੰਘ ਨੂੰ ਤੁਰੰਤ ਚੁੱਕ ਕੇ ਇੱਥੇ ਸਰਕਾਰੀ ਹਸਪਤਾਲ ਵਿੱਚ ਲਿਆਂਦਾ, ਜਿੱਥੇ ਕਿ ਡਾਕਟਰਾਂ ਵੱਲੋਂ ਧੀਰਜ ਕੁਮਾਰ ਨੂੰ ਮ੍ਰਿਤਕ ਐਲਾਨ ਦਿੱਤਾ ਅਤੇ ਜਖਮੀ ਹੋਏ ਸੁਖਦੀਪ ਸਿੰਘ ਨੂੰ ਦਾਖਲ ਕਰ ਲਿਆ । ਪੁਲਸ ਨੇ ਉਕਤ ਮੁਲਜ਼ਮਾਂ ਖਿਲਾਫ ਧਾਰਾ 302 / 148 / 149 ਆਈ ਪੀ ਸੀ ਅਧੀਨ ਕੇਸ ਦਰਜ ਕਰਕੇ ਮੁਲਜ਼ਮਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ । ਜ਼ਿਕਰਯੋਗ ਹੈ ਕਿ ਮ੍ਰਿਤਕ ਨੌਜਵਾਨ ਇੱਥੇ ਇੱਕ ਪੈਟਰੋਲ ਪੰਪ 'ਤੇ ਨੌਕਰੀ ਕਰਦਾ ਸੀ ਅਤੇ ਲੜਾਈ ਕੋਈ ਤਲਖੀ ਭਰੀ ਗੱਲ ਕਰਨ ਨਾਲ ਹੋਈ ਦੱਸੀ ਜਾ ਰਹੀ ਹੈ ।

ਪੰਜਾਬੀ ਫਿਲਮ ਬੂਹੇ-ਬਾਰੀਆਂ ਦੇ ਅਭਿਨੇਤਾ-ਨਿਰਦੇਸ਼ਕ ਤੇ ਨਿਰਮਾਤਾ ਖਿਲਾਫ਼ ਐੱਫ ਆਈ ਆਰ

ਆਦਮਪੁਰ (ਪਰਮਜੀਤ ਸਿੰਘ)- ਪੰਜਾਬ ਵਿੱਚ ਭਾਵੇਂ ਫਿਲਮ ਬਾਲੀਵੁੱਡ ਦੀ ਹੋਵੇ ਜਾਂ ਪਾਲੀਵੁੱਡ (ਪੰਜਾਬੀ) ਦੀ, ਜਾਤ-ਪਾਤ ਅਤੇ ਧਰਮ ਦੇ ਮੁੱਦੇ ਵਧਦੇ ਹੀ ਜਾ ਰਹੇ ਹਨ। ਨੀਰੂ ਬਾਜਵਾ ਦੀ ਫਿਲਮ ਬੂਹੇ-ਬਾਰੀਆਂ ਨੂੰ ਲੈ ਕੇ ਪੰਜਾਬ ਵਿੱਚ ਨਵਾਂ ਵਿਵਾਦ ਖੜ੍ਹਾ ਹੋ ਗਿਆ ਹੈ। ਫਿਲਮ ਬਾਰੇ ਰਵਿਦਾਸੀਆ ਭਾਈਚਾਰੇ ਨੇ ਕਿਹਾ ਕਿ ਇਹ ਉਨ੍ਹਾਂ 'ਤੇ ਸਿੱਧਾ ਹਮਲਾ ਹੈ। ਗੁਰੂ ਰਵਿਦਾਸ ਟਾਈਗਰ ਫੋਰਸ ਨੇ ਆਦਮਪੁਰ ਪੁਲਸ ਸਟੇਸ਼ਨ ਵਿਚ ਫਿਲਮ ਦੇ ਅਭਿਨੇਤਾ-ਨਿਰਦੇਸ਼ਕ ਅਤੇ ਨਿਰਮਾਤਾ ਦੇ ਖਿਲਾਫ ਐੱਫ.ਆਈ.ਆਰ. ਦਰਜ ਕਰਵਾਈ ਹੈ। ਰਵਿਦਾਸੀਆ ਸਮਾਜ ਨੇ ਕਿਹਾ ਹੈ ਕਿ ਫਿਲਮ 'ਚ ਗੁਰੂ ਰਵਿਦਾਸ ਜੀ ਦੀ ਮਾਤਾ ਦੇ ਰੂਪ 'ਚ ਫੋਟੋ ਰੱਖਣ ਵਾਲੀ ਔਰਤ ਨੂੰ ਸੁਨਹਿਰੀ ਜਾਤੀ ਦੇ ਲੋਕਾਂ ਦੇ ਘਰਾਂ 'ਚ ਝਾੜੂ ਮਾਰਦੇ ਅਤੇ ਗੋਹਾ ਚੁੱਕਦੇ ਹੋਏ ਦਿਖਾਇਆ ਗਿਆ ਹੈ। ਇੰਨਾ ਹੀ ਨਹੀਂ ਫਿਲਮ ਵਿੱਚ ਐਸ ਸੀ ਭਾਈਚਾਰੇ ਪ੍ਰਤੀ ਸੰਵਾਦਾਂ ਵਿੱਚ ਵੀ ਅਸ਼ਲੀਲ ਭਾਸ਼ਾ ਦੀ ਵਰਤੋਂ ਕੀਤੀ ਗਈ ਹੈ। ਉਨ੍ਹਾਂ ਨੂੰ ਪੈਰਾਂ ਦੀ ਜੁੱਤੀ ਦੱਸਿਆ ਗਿਆ ਹੈ। ਜੋ ਕਿ ਬੇਹੱਦ ਇਤਰਾਜ਼ਯੋਗ ਹੈ। ਗੁਰੂ ਰਵਿਦਾਸ ਟਾਈਗਰ ਫੋਰਸ ਦੇ ਮੁਖੀ ਜੱਸੀ ਤੱਲਣ ਨੇ ਕਿਹਾ ਕਿ ਫਿਲਮ ਦੀ ਕਹਾਣੀ ਜਿਸ ਨੇ ਵੀ ਲਿਖੀ ਹੈ ਅਤੇ ਜਿਸ ਨੇ ਵੀ ਇਸ ਨੂੰ ਡਾਇਰੈਕਟ ਕੀਤਾ ਹੈ, ਉਸ ਨੇ ਇਕ ਵਾਰ ਵੀ ਨਹੀਂ ਸੋਚਿਆ ਕਿ ਉਹ ਕੀ ਕਰਨ ਜਾ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਪੰਜਾਬ ਦੇ 52 ਗੁਰੁਧਾਂ ਨੂੰ ਨਾਲ ਲੈ ਕੇ ਸਿਨੇਮਾ ਘਰਾਂ ਵਿੱਚ ਫਿਲਮ ਦੇ ਸ਼ੋਅ ਬੰਦ ਕਰਵਾਏ ਜਾਣਗੇ।

ਫਸਲਾਂ ਦੀ ਰਹਿੰਦ-ਖੂੰਹਦ ਨੂੰ ਖੇਤਾਂ 'ਚ ਮਿਲਾਉਣ ਲਈ ਕਿਸਾਨ ਨਵੀਆਂ ਤਕਨੀਕਾਂ ਦਾ ਸਹਾਰਾ ਲੈਣ : ਮਾਹਰ

ਭਲਾਣ (ਹਰਭਜਨ ਢਿੱਲੋਂ)-ਪੰਜਾਬ ਸਰਕਾਰ ਵਲੋਂ ਸੂਬੇ ਵਿੱਚ ਪਰਾਲੀ ਅਤੇ ਰਹਿੰਦ-ਖੂੰਹਦ ਨੂੰ ਖੇਤਾਂ ਵਿੱਚ ਅੱਗ ਨਾ ਲਾਉਣ ਲਈ ਕਿਸਾਨਾਂ ਨੂੰ ਜਾਗਰੂਕ ਕਰਨ ਦੇ ਮੰਤਵ ਨਾਲ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ। ਖੇਤੀਬਾੜੀ ਵਿਭਾਗ ਵੱਲੋਂ ਪਿੰਡਾਂ ਵਿੱਚ ਕਿਸਾਨ ਜਾਗਰੂਕਤਾ ਕੈਂਪ ਲਗਾ ਕੇ ਤਕਨੀਕੀ ਮਾਹਰਾਂ ਰਾਹੀ ਕਿਸਾਨਾਂ ਨੂੰ ਪ੍ਰੇਰਿਤ ਕੀਤਾ ਜਾ ਰਿਹਾ ਹੈ। ਖੇਤੀਬਾੜੀ ਮਾਹਿਰਾ ਵੱਲੋਂ ਫਸਲ ਦੀ ਰਹਿੰਦ ਖੂੰਹਦ ਅਤੇ ਪਰਾਲੀ ਨੂੰ ਅੱਗ ਲਾਉਣ ਨਾਲ ਵਾਤਾਵਰਣ ਵਿੱਚ ਵੱਧ ਰਹੇ ਪ੍ਰਦੂਸ਼ਣ, ਪੌਣ-ਪਾਣੀ ਦੀ ਖਰਾਬ ਹੋ ਰਹੀ ਸਥਿਤੀ, ਜਮੀਨ ਦੀ ਵਿਗੜ ਰਹੀ ਸਿਹਤ ਬਾਰੇ ਵੀ ਕਿਸਾਨਾਂ ਨੂੰ ਪ੍ਰੇਰਿਤ ਕੀਤਾ ਜਾ ਰਿਹਾ ਹੈ। ਖੇਤੀਬਾੜੀ ਵਿਭਾਗ ਵੱਲੋਂ ਪਾਣੀ ਦੀ ਸੰਜਮ ਨਾਲ ਵਰਤੋਂ ਕਰਨ ਅਤੇ ਫਲਟੀਲਾਈਜਰ ਤੇ ਕੀਟਨਾਸ਼ਕ ਦੀ ਵਰਤੋਂ ਨੂੰ ਸਹੀ ਢੰਗ ਨਾਲ ਕਰਨ ਬਾਰੇ ਵੀ ਕਿਸਾਨਾਂ ਵਿੱਚ ਜਾਗਰੂਕਤਾ ਲਿਆਦੀ ਜਾ ਰਹੀ ਹੈ। ਸ੍ਰੀ ਅਨੰਦਪੁਰ ਸਾਹਿਬ ਹਲਕੇ ਵਿੱਚ ਇਸ ਦੇ ਸਕਾਰਾਤਮਕ ਨਤੀਜੇ ਵੀ ਸਾਹਮਣੇ ਆਏ ਹਨ। ਡਿਪਟੀ ਕਮਿਸ਼ਨਰ ਡਾ.ਪ੍ਰੀਤੀ ਯਾਦਵ ਦੀ ਅਗਵਾਈ ਵਿੱਚ ਜ਼ਿਲ੍ਹਾ ਰੂਪਨਗਰ ਵਿਚ ਪਿਛਲੇ ਸਾਲਾਂ ਦੌਰਾਨ ਜਿਲ੍ਹਾ ਪ੍ਰਸਾਸ਼ਨ ਨੇ ਖੇਤੀਬਾੜੀ ਮਾਹਿਰਾ ਦੇ ਸਹਿਯੋਗ ਨਾਲ ਫਸਲਾਂ ਦੀ ਰਹਿੰਦ ਖੂੰਹਦ, ਪਰਾਲੀ ਅਤੇ ਨਾੜ ਨੂੰ ਅੱਗ ਨਾ ਲਗਾਉਣ ਲਈ

ਵਿਸ਼ੇਸ ਜਾਗਰੂਕਤਾ ਮੁਹਿੰਮ ਚਲਾ ਕੇ 0 ਬਰਨਿੰਗ ਦਾ ਟੀਚਾ ਪੂਰਾ ਕਰਨ ਦਾ ਸ਼ਲਾਘਾਯੋਗ ਉਪਰਾਲਾ ਕੀਤਾ ਹੈ। ਇਹ ਪੰਜਾਬ ਸਰਕਾਰ, ਜ਼ਿਲ੍ਹਾ ਪ੍ਰਸਾਸ਼ਨ ਅਤੇ ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਦੇ ਕੀਤੇ ਅਣਥੱਕ ਉਪਰਾਲਿਆ ਨਾਲ ਹੀ ਸੰਭਵ ਹੋਇਆ ਹੈ। ਇਸ ਮੌਕੇ ਸਰਪੰਚ ਦਲਜੀਤ ਕੌਰ, ਸੁਰੇਸ਼ ਕੁਮਾਰ, ਹੈਪੀ ਸਿੰਘ, ਗੁਰਬਖਸ਼ ਸਿੰਘ, ਵਿਪਨ ਸ਼ਰਮਾ, ਸੁੱਚਾ ਸਿੰਘ, ਮੰਗਲ ਸਿੰਘ, ਅਜੇ ਕੁਮਾਰ, ਰਵਿੰਦਰ ਕੁਮਾਰ, ਰਾਕੇਸ਼ ਕੁਮਾਰ, ਵਨੀਤ ਕੁਮਾਰ, ਰਮੇਸ਼ ਆਦਿ ਹਾਜ਼ਰ ਸਨ।

ਪਧਿਆਣਾ ਦੇ ਨੌਜਵਾਨ ਦੀ ਅਮਰੀਕਾ 'ਚ ਦਿਲ ਦਾ ਦੌਰਾ ਪੈਣ ਨਾਲ ਮੌਤ

ਆਦਮਪੁਰ (ਪਰਮਜੀਤ ਸਿੰਘ)- ਪਿੰਡ ਪਧਿਆਣਾ ਦੇ ਨੌਜਵਾਨ ਦਮਨਜੋਤ ਸਿੰਘ ਦੀ ਅਮਰੀਕਾ 'ਚ ਦਿਲ ਦਾ ਦੌਰਾ ਪੈਣ ਕਾਰਣ ਮੌਤ ਹੋ ਗਈ ਜਿਸ ਨਾਲ ਪੂਰੇ ਪਿੰਡ 'ਚ ਸੋਗ ਦੀ ਲਹਿਰ ਹੈ। ਨੰਬਰਦਾਰ ਬਲਜੀਤ ਸਿੰਘ ਨੇ ਦੱਸਿਆ ਕਿ ਦਮਨਜੋਤ ਸਿੰਘ ਪੁੱਤਰ ਬਲਜੀਤ ਸਿੰਘ ਕਰੀਬ 6 ਮਹੀਨੇ ਪਹਿਲਾਂ 40 ਲੱਖ ਦੇ ਕਰੀਬ ਕਰਜਾ ਚੁੱਕ ਕੇ ਵਿਦੇਸ਼ (ਅਮਰੀਕਾ) ਰੋਜੀ ਰੋਟੀ ਕਮਾਉਣ ਲਈ ਗਿਆ ਸੀ। 20 ਸਤੰਬਰ ਨੂੰ ਕਰੀਬ 10 ਵਜੇ ਅਮਰੀਕਾ ਤੋਂ ਦਮਨਜੋਤ ਸਿੰਘ ਦੇ ਘਰ ਵਾਲਿਆਂ ਨੂੰ ਫੋਨ ਆਇਆ ਕਿ ਉਸਦੀ ਦਿਲ ਦਾ ਦੌਰਾ ਪੈਣ ਨਾਲ ਮੌਤ ਹੋ ਗਈ ਹੈ। ਜ਼ਿਕਰਯੋਗ ਹੈ ਕਿ ਮ੍ਰਿਤਕ ਦਮਨਜੋਤ ਸਿੰਘ ਮਾਤਾ-ਪਿਤਾ ਦਾ ਇਕਲੌਤਾ ਪੁੱਤਰ ਸੀ।

ਰਾਜ ਪੱਧਰੀ ਖੇਡਾਂ ਦੇ ਟ੍ਰਾਇਲ ਭਲਕ ਤੋਂ

ਐੱਸ ਏ ਐੱਸ ਨਗਰ, (ਗੁਰਜੀਤ ਬਿੱਲਾ)-ਪੰਜਾਬ ਸਰਕਾਰ ਦੇ ਖੇਡ ਤੇ ਯੁਵਕ ਸੇਵਾਵਾਂ ਵਿਭਾਗ ਵੱਲੋਂ ਕਰਵਾਈਆਂ ਜਾ ਰਹੀਆਂ ਖੇਡਾਂ ਵਤਨ ਪੰਜਾਬ ਦੀਆਂ 2023 ਤਹਿਤ ਜਿਹੜੀਆਂ ਖੇਡਾਂ ਦੇ ਰਾਜ ਪੱਧਰ 'ਤੇ ਸਿੱਧੇ ਮੁਕਾਬਲੇ ਕਰਵਾਏ ਜਾ ਰਹੇ ਹਨ, ਉਹਨਾਂ ਖੇਡਾਂ ਦੇ ਖੇਡ ਟਰਾਇਲ 25 ਸਤੰਬਰ ਨੂੰ ਸਪੋਰਟਸ ਕੰਪਲੈਕਸ ਸੈਕਟਰ 78 ਵਿਖੇ ਸਵੇਰੇ 09:00 ਵਜੇ ਕਰਵਾਏ ਜਾਣਗੇ। ਜ਼ਿਲ੍ਹਾ ਖੇਡ ਅਫ਼ਸਰ ਸ਼੍ਰੀਮਤੀ ਗੁਰਦੀਪ ਕੌਰ ਨੇ ਦੱਸਿਆ ਕਿ ਇਨ੍ਹਾਂ ਟਰਾਇਲਾਂ ਵਿੱਚ 25 ਸਤੰਬਰ ਨੂੰ ਆਰਚਰੀ (ਤੀਰ ਅੰਦਾਜੀ), ਸਾਇਕਲਿੰਗ, ਘੋੜ ਸਵਾਰੀ, ਫੈਨਸਿੰਗ (ਤਲਵਾਰਬਾਜੀ), ਜਿਮਨਾਸਟਿਕਸ, ਕੈਕਿੰਗ ਅਤੇ ਕੈਨੋਇੰਗ, ਰਗਬੀ, ਵੁਸ਼ੂ ਅਤੇ ਰੋਇੰਗ ਦੇ ਟ੍ਰਾਇਲ ਕਰਵਾਏ ਜਾਣਗੇ। ਉੱਕਤ ਤੋਂ ਇਲਾਵਾ ਰੋਲਰ ਸਕੇਟਿੰਗ ਦੇ ਟ੍ਰਾਇਲ ਮਿਤੀ 25 ਤੋਂ 26 ਸਤੰਬਰ ਤੱਕ ਕਰਵਾਏ ਜਾਣਗੇ।

ਨਸ਼ਾ ਤਸਕਰ 260 ਗ੍ਰਾਮ ਹੈਰੋਇਨ ਸਮੇਤ ਕਾਬੂ

ਭੋਗਪੁਰ (ਕੁਲਵੀਰ ਸਿੰਘ ਕਾਹਲੋਂ)- ਸੁਖਜੀਤ ਸਿੰਘ ਇੰਸਪੈਕਟਰ ਮੁੱਖ ਅਫਸਰ ਥਾਣਾ ਭੋਗਪੁਰ ਦੀ ਪੁਲਸ ਪਾਰਟੀ ਵਲੋਂ ਨਸ਼ਾ ਤਸਕਰ ਗ੍ਰਿਫਤਾਰ ਕੀਤਾ ਗਿਆ। ਏ.ਐਸ.ਆਈ. ਰਾਮ ਕਿਸ਼ਨ ਸਮੇਤ ਪੁਲਸ ਪਾਰਟੀ ਦੇ ਗਸ਼ਤ ਦੇ ਸੰਬੰਧ ਵਿੱਚ ਰਾਜਪੁਰ ਮੋੜ ਨੇੜੇ ਮੌਜੂਦ ਸੀ ਕਿ ਇਕ ਨੌਜਵਾਨ ਆਉਦਾ ਦਿਖਾਈ ਦਿੱਤਾ, ਜਿਸ ਨੇ ਪੁਲਸ ਪਾਰਟੀ ਨੂੰ ਯਕਦਮ ਸਾਹਮਣੇ ਦੇਖ ਕੇ ਇਕ ਮੋਮੀ ਲਿਫਾਫਾ ਵਜਨਦਾਰ ਝਾੜੀਆਂ ਵਿੱਚ ਸੁੱਟ ਦਿੱਤਾ। ਪੁਲਸ ਨੇ ਉਸ ਨੌਜਵਾਨ ਨੂੰ ਰੋਕਿਆ ਜਿਸ ਨੇ ਆਪਣਾ ਨਾਂਅ ਤੇ ਪਤਾ ਰੁਪਿੰਦਰਪਾਲ ਸਿੰਘ ਉਰਫ ਮੁੰਨਾ ਪੁੱਤਰ ਰਛਪਾਲ ਸਿੰਘ ਵਾਸੀ ਪਿੰਡ ਸਨੋਰਾ ਥਾਣਾ ਭੋਗਪੁਰ ਜ਼ਿਲ੍ਹਾ ਜਲੰਧਰ ਦੱਸਿਆ। ਸੁੱਟਿਆ ਹੋਇਆ ਲਿਫਾਫਾ ਚੈਕ ਕਰਨ 'ਤੇ ਉਸ ਵਿਚੋਂ 260 ਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ। ਉਸ ਵਿਰੁੱਧ ਮੁਕੱਦਮਾ ਦਰਜ ਕਰ ਲਿਆ ਗਿਆ ਹੈ।

ਸਫਾਈ ਕਰਮਚਾਰੀਆਂ ਨੂੰ ਸੇਫਟੀ ਕਿੱਟਾਂ ਦਿੱਤੀਆਂ

ਫਿਲੌਰ (ਨਿਰਮਲ) ਨਗਰ ਕੌਂਸਲ ਵਿਖੇ ਮੁੱਖ ਮਹਿਮਾਨ ਵਜੋਂ ਪ੍ਰਿੰਸੀਪਲ ਪ੍ਰੇਮ ਕੁਮਾਰ ਹਲਕਾ ਇੰਚਾਰਜ ਫਿਲੌਰ ਪਹੁੰਚੇ ਅਤੇ ਸਵੱਛ ਅਭਿਆਨ ਸਕੀਮ ਤਹਿਤ ਸਫਾਈ ਕਰਮਚਾਰੀਆਂ ਦੀ ਸਿਹਤ ਦਾ ਧਿਆਨ ਰੱਖਣ ਵਾਸਤੇ ਸਿਵਲ ਹਸਪਤਾਲ ਫਿਲੌਰ ਵਿਖੇ ਮੁਫਤ ਚੈੱਕਅਪ ਕਰਵਾਇਆ ਗਿਆ ਅਤੇ ਨਾਲ ਹੀ ਉਨ੍ਹਾਂ ਨੂੰ ਬਿਮਾਰੀਆਂ ਤੋਂ ਬਚਣ ਵਾਸਤੇ ਡਾਕਟਰਾਂ ਵੱਲੋਂ ਹਦਾਇਤਾਂ ਦੱਸੀਆਂ ਗਈਆਂ। ਸਫਾਈ ਕਰਮਚਾਰੀਆਂ ਦੀ ਸੇਫਟੀ ਵਾਸਤੇ ਉਹਨਾਂ ਨੂੰ ਸੇਫਟੀ ਕਿੱਟਾਂ ਦਿੱਤੀਆਂ ਗਈਆਂ ਜਿਹਨਾਂ ਵਿੱਚ ਉਨ੍ਹਾਂ ਨੂੰ ਹੈਲਮਟ,ਬੂਟ,ਦਸਤਾਨੇ ਅਤੇ ਹੋਰ ਸੇਫਟੀ ਵਾਲਾ ਸਮਾਨ ਉਪਲਬਧ ਕਰਵਾ ਕੇ ਦਿੱਤਾ ਗਿਆ। ਇਸ ਮੌਕੇ ਪ੍ਰਿੰਸੀਪਲ ਪ੍ਰੇਮ ਕੁਮਾਰ ਵੱਲੋਂ ਅਤੇ ਉਹਨਾਂ ਦੇ ਸਾਥੀਆਂ ਵਲੋਂ ਬੂਟੇ ਲਗਾਏ ਗਏ।

25 ਨੂੰ ਖਾਟੂ ਸ਼ਿਆਮ ਦੀ ਮੂਰਤੀ ਕੀਤੀ ਜਾਵੇਗੀ ਸਥਾਪਤ

ਮਹਿਤਪੁਰ (ਰਾਜਾ) ਸਥਾਨਕ ਸ਼ਿਵ ਮੰਦਿਰ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਖਾਟੂ ਸ਼ਿਆਮ ਜੀ ਦੀ ਮੂਰਤੀ ਸ਼ਿਵ ਮੰਦਿਰ ਵਿਖੇ 25 ਸਤੰਬਰ ਨੂੰ ਸਥਾਪਿਤ ਕੀਤੀ ਜਾਵੇਗੀ, ਜਿਸ ਸਬੰਧੀ ਮਹਿਤਪੁਰ ਸ਼ਹਿਰ ਵਿੱਚ ਕਲਸ ਯਾਤਰਾ ਕੱਢੀ ਗਈ। ਪ੍ਰਧਾਨ ਅਸ਼ੋਕ ਸੂਦ ਅਤੇ ਸਮੂਹ ਮੈਂਬਰਾਂ ਨੇ ਦੱਸਿਆ ਕਿ 24 ਸਤੰਬਰ ਨੂੰ ਸ਼ਾਮ 3:00 ਵਜੇ ਸ੍ਰੀ ਖਾਟੂ ਸਿਆਮ ਜੀ ਦੀ ਮੂਰਤੀ ਸਥਾਪਨਾ ਦੇ ਸਬੰਧ ਵਿੱਚ ਸੋਭਾ ਯਾਤਰਾ ਕੱਢੀ ਜਾਵੇਗੀ ਅਤੇ 25 ਸਤੰਬਰ ਨੂੰ ਪੂਰੀ ਧਾਰਮਿਕ ਮਰਿਆਦਾ ਅਨੁਸਾਰ ਮੂਰਤੀ ਸਥਾਪਿਤ ਕੀਤੀ ਜਾਵੇਗੀ। ਇਸ ਮੌਕੇ ਰਾਮ ਪ੍ਰਕਾਸ਼ ਭੰਡਾਰੀ, ਵਿਨੋਦ ਸ਼ਰਮਾ, ਪ੍ਰਮੋਦ ਕੁਮਾਰ, ਸੋਮ ਨਾਥ ਮਿੱਤਲ, ਬ੍ਰਿਜੇਸ਼ ਸ਼ਰਮਾ, ਵਿਨੋਦ ਵਰਮਾ, ਅਮਨ ਅਰੋੜਾ, ਵਿਨੋਦ ਬਠਲਾ, ਨਿਸ਼ਾਤ ਅਰੋੜਾ, ਹੈਪੀ ਆਦਿ ਹਾਜਰ ਸਨ ।

28 ਨੂੰ ਲੋਕਲ ਛੁੱਟੀ ਦਾ ਐਲਾਨ

ਜਲੰਧਰ, (ਸ਼ੈਲੀ ਐਲਬਰਟ)-ਜ਼ਿਲ੍ਹਾ ਮੈਜਿਸਟਰੇਟ, ਜਲੰਧਰ ਵਿਸ਼ੇਸ਼ ਸਾਰੰਗਲ ਵਲੋਂ ਸ੍ਰੀ ਸਿੱਧ ਬਾਬਾ ਸੋਢਲ ਮਹਾਰਾਜ ਜੀ ਦੇ ਮਨਾਏ ਜਾ ਰਹੇ ਸਾਲਾਨਾ ਮੇਲੇ ਵਿੱਚ ਲੋਕਾਂ ਦੀ ਸ਼ਰਧਾ ਨੂੰ ਮੁੱਖ ਰੱਖਦੇ ਹੋਏ ਜ਼ਿਲ੍ਹਾ ਜਲੰਧਰ ਵਿੱਚ ਸਥਿਤ ਪੰਜਾਬ ਸਰਕਾਰ ਦੇ ਸਮੂਹ ਦਫ਼ਤਰਾਂ/ਨਿਗਮਾਂ/ਬੋਰਡਾਂ/ਵਿਦਿਅਕ ਅਦਾਰਿਆਂ ਅਤੇ ਹੋਰ ਪੰਜਾਬ ਸਰਕਾਰ ਦੀਆਂ ਸੰਸਥਾਵਾਂ ਵਿੱਚ ਮਿਤੀ 28.09.2023 ਦਿਨ ਵੀਰਵਾਰ ਨੂੰ ਲੋਕਲ ਛੁੱਟੀ ਦਾ ਐਲਾਨ ਕੀਤਾ ਗਿਆ ਹੈ।

ਬਲਰਾਜ ਬਲੰਟ ਬਿਊਟੀ ਸਲੂਨ ਇੰਸਟੀਟਿਊਟ ਖੁੱਲ੍ਹਿਆ

ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)-ਰੇਲਵੇ ਰੋਡ ਭੋਗਪੁਰ ਵਿਖੇ ਬਲਰਾਜ ਬਲੰਟ ਬਿਊਟੀ ਸਲੂਨ ਇੰਸਟੀਚਿਊਟ ਖੋਲ੍ਹਿਆ ਗਿਆ। ਇਸ ਮੌਕੇ ਬਲਰਾਜ ਦੇ ਮਾਤਾ ਜੀ ਨੇ ਰੀਬਨ ਕੱਟ ਕੇ ਦੁਕਾਨ ਦਾ ਉਦਘਾਟਨ ਕੀਤਾ। ਬਲਰਾਜ ਨੇ ਕਿਹਾ ਕਿ ਜ

24-Sep-PAGE-8.qxd 9/23/2023 10:28 PM Page 1

ਏ ਆਈ ਐੱਸ ਐੱਫ ਤੇ ਏ ਆਈ ਵਾਈ ਐੱਫ ਵੱਲੋਂ ਸ਼ਹੀਦ ਭਗਤ ਸਿੰਘ ਦਾ ਜਨਮ ਦਿਨ ਮਨਾਉਣ ਸੰਬੰਧੀ ਪ੍ਰੈੱਸ ਕਾਨਫਰੰਸ

ਜਲੰਧਰ (ਰਾਜੇਸ਼ ਥਾਪਾ) ਇਥੇ ਪ੍ਰੈਸ ਕਲੱਬ ਵਿਖੇ ਸਰਬ ਭਾਰਤ ਨੌਜਵਾਨ ਸਭਾ (ਏ ਆਈ ਵਾਈ ਐੱਫ) ਅਤੇ ਆਲ ਇੰਡੀਆ ਸਟੂਡੈਂਟਸ ਫੈਡਰੇਸਨ (ਏ ਆਈ ਐੱਸ ਐੱਫ) ਵਲੋਂ 28 ਸਤੰਬਰ ਨੂੰ ਪਰਮਗੁਣੀ ਭਗਤ ਸਿੰਘ ਦੇ ਜਨਮ ਦਿਹਾੜੇ ਨੂੰ ਮਨਾਉਣ ਇਸ ਦਿਨ ਤੇ ਬਨੇਗਾ ਭਾਵ ਭਗਤ ਸਿੰਘ ਕੌਮੀ ਰੁਜਗਾਰ ਗਰੰਟੀ ਕਾਨੂੰਨ ਪ੍ਰਾਪਤੀ ਲਈ ਬਨੇਗਾ ਵਲੰਟੀਅਰ ਸੰਮੇਲਨ ਅਤੇ ਮਾਰਚ ਕਰਨ ਸੰਬੰਧੀ ਇਕ ਵਿਸੇਸ ਪ੍ਰੈਸ ਕਾਨਫਰੰਸ ਕੀਤੀ ਗਈ ਜਿਸ ਵਿੱਚ ਸਰਬ ਭਾਰਤ ਨੌਜਵਾਨ ਸਭਾ ਦੇ ਸੂਬਾ ਸਕੱਤਰ ਚਰਨਜੀਤ ਸਿੰਘ ਛਾਂਗਾ ਰਾਏ, ਆਲ ਇੰਡੀਆ ਸਟੂਡੈਂਟਸ ਫੈਡਰੇਸਨ ਦੇ ਸੂਬਾ ਪ੍ਰਧਾਨ ਰਮਨ ਧਰਮੂ ਵਾਲਾ, ਸੂਬਾ ਸਕੱਤਰ ਪ੍ਰਿਤਪਾਲ ਸਿੰਘ, ਲੜਕੀਆਂ ਦੀ ਸੂਬਾ ਕਨਵੀਨਰ ਨੀਤੂ ਪੰਜਾਬੀ ਯੂਨੀਵਰਸਿਟੀ, ਤਿਆਰੀ ਕਮੇਟੀ ਦੇ ਕੋ ਕਨਵੀਨਰ ਲਵਪ੍ਰੀਤ ਮਾੜੀਮੇਘਾ ਅਤੇ ਜਲੰਧਰ ਦੇ ਜ਼ਿਲ੍ਹਾ ਸਕੱਤਰ ਸੰਦੀਪ ਦੌਲੀਕੇ ਹਾਜਰ ਹੋਏ। ਇਸ ਮੌਕੇ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਉਕਤ ਆਗੂਆਂ ਨੇ ਕਿਹਾ ਕਿ ਰੁਜਗਾਰ ਪ੍ਰਾਪਤੀ ਮੁਹਿਮ ਵੱਲੋਂ ਲਗਾਤਾਰਤਾ ਨੂੰ ਜਾਰੀ ਰੱਖਦਿਆਂ ਹਰ ਵਾਰ ਦੀ ਤਰ੍ਹਾਂ ਇਸ ਵਾਰ ਵੀ ਪਰਮਗੁਣੀ ਭਗਤ ਸਿੰਘ ਦੇ ਜਨਮ ਦਿਨ ਮੌਕੇ ਇਥੇ ਦੇਸ਼ ਭਗਤ ਯਾਦਗਾਰ ਹਾਲ ਵਿਖੇ ਸਰਬ ਭਾਰਤ ਨੌਜਵਾਨ ਸਭਾ ਅਤੇ ਆਲ ਇੰਡੀਆ ਸਟੂਡੈਂਟਸ ਫੈਡਰੇਸਨ ਦੇ ਹਜਾਰਾਂ ਨੌਜਵਾਨਾਂ ਅਤੇ ਵਿਦਿਆਰਥੀਆਂ ਵਲੋਂ ਭਗਤ ਸਿੰਘ ਦੀ ਫੋਟੋ ਅਤੇ ਬਨੇਗਾ ਵਾਲੀ ਟੀ ਸ਼ਰਟ ਪਹਿਨ ਕੇ ਗਦਰੀ ਬਾਬਿਆਂ ਦੇ ਵਿਹੜੇ ਵਿਸ਼ਾਲ ਵਲੰਟੀਅਰ ਸੰਮੇਲਨ ਅਤੇ ਉਪਰੰਤ ਜਲੰਧਰ ਦੇ ਬਾਜਾਰਾਂ ਵਿੱਚ ਵਲੰਟੀਅਰ ਮਾਰਚ ਕੀਤਾ ਜਾਵੇਗਾ, ਜਿਸ ਦੀਆਂ ਪੰਜਾਬ ਭਰ ਵਿੱਚ ਤਿਆਰੀਆਂ ਪੂਰੇ ਜੋਰਾਂ 'ਤੇ ਚੱਲ ਰਹੀਆਂ ਹਨ। ਪੱਤਰਕਾਰਾਂ ਵਲੋਂ ਪੁੱਛੇ ਇਕ ਸਵਾਲ ਦੇ ਜਵਾਬ ਵਿੱਚ ਉਕਤ ਆਗੂਆਂ ਨੇ ਕਿਹਾ ਕਿ ਭਗਤ ਸਿੰਘ ਦੇ ਜਨਮ ਦਿਨ 'ਤੇ ਕੀਤੇ ਜਾਂਦੇ ਵਲੰਟੀਅਰ ਸੰਮੇਲਨ ਅਤੇ ਮਾਰਚ ਦਾ ਮਕਸਦ ਦੇਸ਼ ਦੀ ਬੇਰੁਜਗਾਰ ਫਿਰ ਰਹੀ ਜਵਾਨੀ ਨੂੰ ਲਾਮਬੰਧ ਕਰਕੇ ਬਨੇਗਾ ਭਾਵ ਭਗਤ ਸਿੰਘ ਕੌਮੀ ਰੁਜਗਾਰ ਗਰੰਟੀ ਕਾਨੂੰਨ ਦੀ ਪ੍ਰਾਪਤੀ ਲਈ ਸੰਘਰਸ਼ ਨੂੰ ਬੁਲੰਦ ਕਰਨਾ ਹੈ। ਉਹਨਾਂ ਇਹ ਵੀ ਕਿਹਾ ਕਿ ਦੇਸ਼ ਵਿੱਚ 40 ਕਰੋੜ ਬੇਰੁਜਗਾਰ ਹਨ, ਜਿਹਨਾਂ ਲਈ ਹੁਣ ਤੱਕ ਬਣੀਆਂ ਸਰਕਾਰਾਂ ਨੇ ਨਾ ਤਾਂ ਰੁਜਗਾਰ ਮੁਖੀ ਕੋਈ ਨੀਤੀ ਬਣਾਈ ਹੈ ਅਤੇ ਨਾ ਸਰਕਾਰਾਂ ਦੀ ਨੀਅਤ ਹੈ। ਆਗੂਆਂ ਨੇ ਕਿਹਾ ਕਿ ਨੌਕਰੀਆਂ ਲਈ ਹਰਾ ਪੈੱਨ ਚਲਾਉਣ ਦੀਆਂ ਡੀਂਗਾਂ ਮਾਰਨ ਵਾਲੇ ਮੁੱਖ ਮੰਤਰੀ ਨੇ ਪਿਛਲੇ ਦਿਨੀਂ ਪੰਜਾਬ ਵਿੱਚ 8 ਘੰਟੇ ਤੋਂ ਵਧਾ ਕੇ 12 ਘੰਟੇ ਕੰਮ ਦਿਹਾੜੀ ਵਾਲਾ ਨੋਟੀਫਿਕੇਸ਼ਨ ਜਾਰੀ ਕੀਤਾ ਹੈ ਜਿਸ ਅਨੁਸਾਰ ਫੈਕਟਰੀਆਂ ਵਿੱਚ ਹੁਣ ਕਾਮਿਆਂ ਤੋਂ 8 ਘੰਟੇ ਦੀ ਬਜਾਏ 12 ਘੰਟੇ ਕੰਮ ਲਿਆ ਜਾਇਆ ਕਰੇਗਾ। ਆਗੂਆਂ ਨੇ ਇਸ ਨੋਟੀਫਿਕੇਸਨ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਕਿਹਾ ਕਿ ਇਹ ਬੇਰੁਜਗਾਰਾਂ ਨੂੰ ਨਵਾਂ ਰੁਜਗਾਰ ਦੇਣ ਬਜਾਏ ਕੰਮ ਤੇ ਲੱਗਿਆਂ ਤੋਂ ਰੁਜਗਾਰ ਖੋਹਣ ਦੀ ਨੀਤੀ ਹੈ। ਪ੍ਰੈੱਸ ਕਾਨਫਰੰਸ ਦੇ ਅੰਤ ਵਿੱਚ ਤਿਆਰੀ ਕਮੇਟੀ ਦੇ ਕੋ ਕਨਵੀਨਰ ਲਵਪ੍ਰੀਤ ਮਾੜੀਮੇਘਾ ਨੇ ਕਿਹਾ ਕਿ ਗਦਰੀ ਬਾਬਿਆਂ ਦੇ ਵਿਹੜੇ ਹੋਣ ਜਾ ਰਹੇ ਇਸ ਸਮਾਗਮ ਦੇ ਪ੍ਰਬੰਧਾਂ ਦੀਆਂ ਸਾਰੀਆਂ ਤਿਆਰੀਆਂ ਲਗਪਗ ਮੁਕੰਮਲ ਕਰ ਲਈਆਂ ਗਈਆਂ ਹਨ ਜਿਸ ਵਿੱਚ ਲੰਗਰ, ਚਾਹ, ਪਾਣੀ ਦੇ ਨਾਲ ਦੇਸ਼ ਭਗਤ ਯਾਦਗਾਰ ਹਾਲ ਨੂੰ ਝੰਡਿਆਂ, ਝੰਡੀਆਂ ,ਬੈਨਰਾਂ ਅਤੇ ਭਗਤ ਸਿੰਘ ਲਿਖਤ ਫਲੈਕਸਾਂ ਨਾਲ ਸਜਾਇਆ ਜਾ ਰਿਹਾ ਹੈ ਤਾਂ ਕਿ ਆਉਣ ਵਾਲੇ ਵਲੰਟੀਅਰਾਂ ਨੂੰ ਇਨਕਲਾਬੀ ਇਤਿਹਾਸ ਤੋਂ ਜਾਣੂ ਕਰਵਾਇਆ ਜਾ ਸਕੇ। ਇਸ ਮੌਕੇ ਉਹਨਾਂ ਨਾਲ ਹੋਰਨਾਂ ਤੋਂ ਇਲਾਵਾ ਭੁਪਿੰਦਰ ਸਿੰਘ, ਰਮਨ ਮੁਕਤਸਰ ਵੀ ਹਾਜਰ ਸਨ।

'ਕਾਰਪੋਰੇਟ ਭਜਾਓ-ਭਾਜਪਾ ਹਰਾਓ' ਕਾਨਫਰੰਸ ਭਲਕੇ

ਫਿਲੌਰ: (ਬੀ ਐਸ ਕੈਨੈਡੀ)- ਸ਼ਹੀਦ ਸੋਹਣ ਸਿੰਘ ਢੇਸੀ ਦੀ ਬਰਸੀ ਮੌਕੇ ਹੋਣ ਵਾਲੀ 'ਕਾਰਪੋਰੇਟ ਭਜਾਓ-ਭਾਜਪਾ ਹਰਾਓ' ਕਾਨਫਰੰਸ 25 ਸਤੰਬਰ ਨੂੰ ਪਿੰਡ ਢੇਸੀਆ ਕਾਹਨਾ ਵਿਖੇ ਹੋਵੇਗੀ। ਇਸ ਸਬੰਧੀ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰਐਮਪੀਆਈ) ਦੇ ਤਹਿਸੀਲ ਪ੍ਰਧਾਨ ਸਰਬਜੀਤ ਸੰਗੋਵਾਲ, ਤਹਿਸੀਲ ਸਕੱਤਰ ਡਾ. ਸਰਬਜੀਤ ਮੁਠੱਡਾ ਅਤੇ ਖਜਾਨਚੀ ਜਰਨੈਲ ਫਿਲੌਰ ਨੇ ਦੱਸਿਆ ਕਿ ਇਸ ਰਾਜਨੀਤਕ ਕਾਨਫਰੰਸ ਨੂੰ ਪਾਰਟੀ ਦੇ ਸੂਬਾ ਸਕੱਤਰ ਪਰਗਟ ਸਿੰਘ ਜਾਮਾਰਾਏ ਸੰਬੋਧਨ ਕਰਨਗੇ। ਆਗੂਆਂ ਨੇ ਦੱਸਿਆ ਕਿ ਪਾਰਟੀ ਵਲੋਂ ਦੋ ਹਫਤੇ ਲਈ ਪੰਜਾਬ ਭਰ 'ਚ ਰਾਜਨੀਤਕ ਕਾਨਫਰੰਸਾਂ ਕੀਤੀਆਂ ਜਾ ਰਹੀਆਂ ਹਨ, ਜਿਸ 'ਚ ਲੋਕਾਂ ਨੂੰ ਦੇਸ਼ ਦੀ ਰਾਜਨੀਤੀ ਬਾਰੇ ਦੱਸਿਆ ਜਾ ਰਿਹਾ ਹੈ। ਇਸ ਕੜੀ ਤਹਿਤ ਕੀਤੀ ਜਾ ਰਹੀ ਇਸ ਕਾਨਫਰੰਸ ਦੌਰਾਨ ਸ਼ਹੀਦ ਸਰਵਣ ਸਿੰਘ ਚੀਮਾ ਸਮੇਤ ਸਾਰੇ ਸ਼ਹੀਦਾਂ ਅਤੇ ਵਿਛੜੇ ਸਾਥੀਆਂ ਨੂੰ ਵੀ ਯਾਦ ਕੀਤਾ ਜਾਵੇਗਾ।

ਡਾ. ਜਸਪਾਲ ਸਿੰਘ ਨੇ ਲਾਇਲਪੁਰ ਖ਼ਾਲਸਾ ਕਾਲਜ ਦੇ ਪ੍ਰਿੰਸੀਪਲ ਵਜੋਂ ਸੰਭਾਲਿਆ ਅਹੁਦਾ

ਜਲੰਧਰ (ਸ਼ੈਲੀ ਐਲਬਰਟ)-ਉੱਘੇ ਖੇਡ ਤੇ ਸਿੱਖਿਆ ਸ਼ਾਸਤਰੀ ਡਾ. ਜਸਪਾਲ ਸਿੰਘ ਨੇ ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਦੇ ਪ੍ਰਿੰਸੀਪਲ ਵਜੋਂ ਅਹੁੱਦਾ ਸੰਭਾਲਿਆ । ਇਸ ਮੌਕੇ ਕਾਲਜ ਗਵਰਨਿੰਗ ਕੌਂਸਲ ਦੇ ਪ੍ਰਧਾਨ ਬਲਬੀਰ ਕੌਰ, ਪ੍ਰੋ. ਸੁਖਬੀਰ ਸਿੰਘ ਚੱਠਾ ਡਾਇਰੈਕਟਰ ਅਕੈਡਮਿਕ ਅਫੇਅਰਸ, ਟੈਕਲੀਨਕਲ ਕੈਂਪਸ, ਪ੍ਰੋ. ਜਸਰੀਨ ਕੌਰ ਵਾਈਸ-ਪ੍ਰਿੰਸੀਪਲ, ਸਮੂਹ ਅਧਿਆਪਨ ਵਿਭਾਗਾਂ ਦੇ ਮੁਖੀ , ਅਧਿਆਪਕ ਅਤੇ ਨਾਨ-ਟੀਚਿੰਗ ਸਟਾਫ ਨੇ ਉਨ੍ਹਾਂ ਨੂੰ ਵਧਾਈ ਦਿੱਤੀ । ਬਲਬੀਰ ਕੌਰ ਨੇ ਇਸ ਮੌਕੇ ਉਨ੍ਹਾਂ ਨੂੰ ਚੇਅਰ 'ਤੇ ਬਿਠਾਉਂਦਿਆਂ ਆਸ ਪ੍ਰਗਟਾਈ ਕਿ ਉਹ ਕਾਲਜ ਦੇ ਸ਼ਾਨਮੱਤੇ ਪ੍ਰਾਪਤੀਆਂ ਦੇ ਇਤਿਹਾਸ ਨੂੰ ਬਰਕਰਾਰ ਰੱਖਣਗੇ। ਉਨ੍ਹਾਂ ਡਾ. ਜਸਪਾਲ ਸਿੰਘ 'ਤੇ ਬਤੌਰ ਪ੍ਰਿੰਸੀਪਲ ਭਰੋਸਾ ਜਤਾਉਂਦਿਆਂ ਕਿਹਾ ਕਿ ਕਾਲਜ ਦੇ ਸਰਵਪੱਖੀ ਵਿਕਾਸ ਵਿਚ ਉਹ ਆਪਣੀ ਵਡਮੁੱਲੀ ਭੂਮਿਕਾ ਨਿਭਾਉਣਗੇ।। ਜ਼ਿਕਰਯੋਗ ਹੈ ਕਿ ਡਾ. ਜਸਪਾਲ ਸਿੰਘ ਕਾਲਜ ਵਿਖੇ ਬਤੌਰ ਪ੍ਰਿੰਸੀਪਲ ਅਹੁਦਾ ਸੰਭਾਲਣ ਤੋਂ ਪਹਿਲਾ ਸ੍ਰੀ ਗੁਰੂ ਗੋਬਿੰਦ ਸਿੰਘ ਖ਼ਾਲਸਾ ਕਾਲਜ, ਮਾਹਿਲਪੁਰ ਵਿਖੇ ਪ੍ਰਿੰਸੀਪਲ ਦੇ ਅਹੁੱਦੇ 'ਤੇ ਸੇਵਾ ਕਰ ਰਹੇ ਸਨ, ਜਿੱਥੇ ਉਨ੍ਹਾਂ ਤਿੰਨ ਸਾਲ ਕਾਰਜ ਕੀਤਾ ।

ਉਸ ਤੋਂ ਪਹਿਲਾ ਉਨ੍ਹਾਂ ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਵਿਖੇ ਸਰੀਰਿਕ ਸਿੱਖਿਆ ਅਤੇ ਖੇਡ ਵਿਭਾਗ ਵਿਚ ਬਤੌਰ ਅਧਿਆਪਕ 22 ਸਾਲ ਸੇਵਾਵਾਂ ਦਿੱਤੀਆਂ ਹਨ। ਉਨ੍ਹਾਂ ਦੀ ਸੁਯੋਗ ਅਗਵਾਈ ਵਿਚ 22 ਸਾਲਾਂ ਵਿਚ ਕਾਲਜ ਨੇ ਖੇਡਾਂ ਦੇ ਖੇਤਰ ਵਿਚ ਅੰਤਰ ਰਾਸ਼ਟਰੀ ਪੱਧਰ ਦੇ ਖਿਡਾਰੀ ਪੈਦਾ ਕੀਤੇ। ਇਸ ਦੇ ਨਾਲ ਹੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿਚੋਂ ਲਗਭਗ 18 ਵਾਰ ਸਪੋਰਟਸ ਦੀ ਜਨਰਲ ਚੈਂਪੀਅਨਸ਼ਿਪ ਟ੍ਰਾਫੀ ਵੀ ਜਿੱਤੀ । ਡਾ. ਜਸਪਾਲ ਸਿੰਘ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਸਪੋਰਟਸ ਕਮੇਟੀ ਦੇ ਮੈਂਬਰ ਵੀ ਰਹੇ। ਇਸ ਤੋਂ ਇਲਾਵਾ 4 ਕਿਤਾਬਾਂ, 40 ਦੇ ਲਗਭਗ ਰਿਸਰਚ ਪੇਪਰ (ਰਾਸ਼ਟਰੀ ਅਤੇ ਅੰਤਰਰਾਸ਼ਟਰੀ) ਪੇਸ਼ ਕੀਤੇ।।

ਉਨ੍ਹਾਂ ਪ੍ਰੀ-ਓਲਪਿੰਕ ਕਾਂਗਰਸ ਲੰਡਨ ਵਿਖੇ ਰਿਸਰਚ ਪੇਪਰ ਵੀ ਪੇਸ਼ ਕੀਤਾ ਅਤੇ ਵਰਲਡ ਯੂਨੀਵਰਸਿਟੀ ਗੇਮ ਜੋ ਕਿ ਨਾਪੋਲੀ (ਇੰਟਲੀ) ਵਿਖੇ ਹੋਈ ਬਤੌਰ ਟੀਮ ਮੈਨੇਜ਼ਰ ਵੀ ਸ਼ਿਰਕਤ ਕੀਤੀ। ਉਨ੍ਹਾਂ ਦੀ ਪ੍ਰਤਿਭਾ, ਕਾਲਜ ਨੂੰ ਦੇਣ ਅਤੇ ਖੇਡ ਖੇਤਰ ਨੂੰ ਦੇਣ ਨੂੰ ਵੇਖਦੇ ਹੋਏ ਉਨ੍ਹਾਂ ਨੂੰ ਗਵਰਨਿੰਗ ਕੌਂਸਲ, ਲਾਇਲਪੁਰ ਖ਼ਾਲਸਾ ਕਾਲਜ ਨੇ ਪ੍ਰਿੰਸੀਪਲ ਨਿਯੁਕਤ ਕੀਤਾ ।

ਇਸ ਮੌਕੇ ਡਾ. ਜਸਪਾਲ ਸਿੰਘ ਨੇ ਕਿਹਾ ਕਿ ਉਨ੍ਹਾਂ ਨੂੰ ਕਾਲਜ ਤੇ ਕਾਲਜ ਨਾਲ ਸੰਬੰਧਿਤ ਹਰ ਕੰਮ ਨਾਲ ਅੰਤਾਂ ਦਾ ਮੋਹ, ਪਿਆਰ ਤੇ ਸਨੇਹ ਹੈ। ਉਨ੍ਹਾਂ ਕਿਹਾ ਕਿ ਨਵੀਂ ਮਿਲੀ ਬਤੌਰ ਪ੍ਰਿੰਸੀਪਲ ਦੀ ਜ਼ਿੰਮੇਵਾਰੀ ਨੂੰ ਉਹ ਤਨਦੇਹੀ ਨਾਲ ਨਿਭਾਉਣਗੇ ਅਤੇ ਗਵਰਨਿੰਗ ਕੌਂਸਲ ਦੁਆਰਾ ਪ੍ਰਗਟਾਏ ਵਿਸ਼ਵਾਸ 'ਤੇ ਪੂਰਾ ਉਤਰਨ ਦੀ ਕੋਸ਼ਿਸ਼ ਕਰਨਗੇ।

ਐੱਸ ਡੀ ਕਾਲਜ 'ਚ ਸਵੱਛਤਾ ਮੁਹਿੰਮ ਤਹਿਤ ਐੱਨ ਐੱਸ ਐੱਸ ਕੈਂਪ

ਸੁਲਤਾਨਪੁਰ ਲੋਧੀ, (ਹਨੀ)-ਐੱਸ. ਡੀ. ਕਾਲਜ ਫਾਰ ਵੂਮੈਨ ਸੁਲਤਾਨਪੁਰ ਲੋਧੀ ਵਿਖੇ ਕਾਲਜ ਦੇ ਐੱਨ ਐੱਸ ਐੱਸ ਵਿਭਾਗ ਵੱਲੋਂ ਪ੍ਰਿੰਸੀਪਲ ਡਾ: ਵੰਦਨਾ ਸੁਕਲਾ ਦੀ ਅਗਵਾਈ ਹੇਠ 15 ਸਤੰਬਰ ਤੋਂ 2 ਅਕਤੂਬਰ 2023 ਤੱਕ 'ਸਵੱਛਤਾ ਹੀ ਸੇਵਾ - ਸਵੱਛਤਾ ਅਭਿਆਨ ' ਚਲਾਇਆ ਜਾ ਰਿਹਾ ਹੈ। ਇਸ ਦੌਰਾਨ ਕਾਲਜ ਕੈਂਪਸ ਵਿੱਚ ਸਵੱਛਤਾ ਮੁਹਿੰਮ ਤਹਿਤ ਇੱਕ ਰੋਜਾ ਐੱਨ ਐੱਸ ਐੱਸ ਕੈਂਪ ਲਗਾਇਆ ਗਿਆ। ਵਿਦਿਆਰਥਣਾਂ ਵਲੋਂ ਪੂਰੇ ਕਾਲਜ ਕੈਂਪਸ ਦੀ ਸਫਾਈ ਕੀਤੀ ਗਈ। ਪ੍ਰੋਗਰਾਮ ਅਫਸਰ ਮੈਡਮ ਰਾਜਬੀਰ ਕੌਰ ਤੇ ਮੈਡਮ ਸੁਨੀਤਾ ਕਲੇਰ ਨੇ ਵਿਦਿਆਰਥਣਾਂ ਨੂੰ ਸਫਾਈ ਦਾ ਮਹੱਤਵ ਸਮਝਾਉਂਦੇ ਹੋਏ ਕਿਹਾ ਕਿ ਸਵੱਛ ਜੀਵਨ ਹੀ ਪਰਮਾਤਮਾ ਤੱਕ ਪਹੁੰਚਣ ਦਾ ਰਸਤਾ ਹੈ ਅਤੇ ਤਨ ਤੇ ਮਨ ਦੋਨਾਂ ਦੀ ਸਵੱਛਤਾ ਦਾ ਹੋਣਾ ਜਰੂਰੀ ਹੈ। ਇਸ ਮੌਕੇ ਪ੍ਰਿੰਸੀਪਲ ਡਾ. ਸ਼ੁਕਲਾ ਨੇ ਕਿਹਾ ਕਿ ਸਵੱਛ ਹੋਣਾ ਹੀ ਸਵਸਥ ਹੋਣ ਦੀ ਪਹਿਲੀ ਪੌੜੀ ਹੈ, ਭਾਵ ਤੰਦਰੁਸਤ ਸਰੀਰ ਤਾਂ ਹੀ ਹੋਏਗਾ ਜੇ ਅਸੀਂ ਸਾਫ - ਸੁਥਰੇ ਮਾਹੌਲ ਵਿੱਚ ਰਹਾਂਗੇ। ਸਫਾਈ ਦੀ ਮਹੱਤਤਾ ਨੂੰ ਦਰਸਾਉਂਦਾ ਇਹ ਕੈਂਪ ਯਾਦਗਾਰੀ ਹੋ ਨਿਬੜਿਆ। ਇਸ ਮੌਕੇ ਮੈਡਮ ਰਜਨੀ ਬਾਲਾ, ਰਜਿੰਦਰ ਕੌਰ, ਰਾਜਬੀਰ ਕੌਰ, ਕਸ਼ਮੀਰ ਕੌਰ, ਸੁਨੀਤਾ ਕਲੇਰ, ਅੰਜਨਾ ਕੌਸ਼ਲ, ਕਿਰਨਦੀਪ ਕੌਰ, ਰਾਜਨਬੀਰ ਕੌਰ, ਰਾਵਿੰਦਰ ਕੌਰ, ਸੋਬੀਆ, ਕਾਜ਼ਲ, ਪੂਜਾ, ਰਸੀਵ ਕੁਮਾਰ, ਸ਼ਕਤੀ ਕੁਮਾਰ, ਆਦਿ ਸਟਾਫ਼ ਮੈਂਬਰ ਹਾਜਰ ਸਨ ।

ਬਾਬਾ ਮੇਲਾ ਸਿੰਘ ਦੀ ਬਰਸੀ 'ਤੇ ਕੀਰਤਨ ਸਮਾਗਮ ਭਲਕੇ

ਮੇਹਟੀਆਣਾ(ਜਗਤਾਰ ਸਿੰਘ ਭੁੰਗਰਨੀ) ਪਿੰਡ ਨਡਾਲੋਂ ਵਿਖੇ ਗੁਰਦੁਆਰਾ ਸੰਤ ਬਾਬਾ ਮੇਲਾ ਸਿੰਘ ਜੀ ਦੇ ਅਸਥਾਨ 'ਤੇ ਪ੍ਰਬੰਧਕ ਕਮੇਟੀ ਵੱਲੋਂ ਸੰਤਾਂ ਦੀ ਸਾਲਾਨਾ ਬਰਸੀ ਮੌਕੇ ਕੀਰਤਨ ਸਮਾਗਮ 25 ਸਤੰਬਰ ਨੂੰ ਸਵੇਰੇ 09 ਤੋਂ ਸ਼ਾਮ 04 ਵਜੇ ਤੱਕ ਸਰਧਾ ਭਾਵਨਾ ਨਾਲ ਕਰਵਾਏ ਜਾ ਰਹੇ ਹਨ।

ਪਹਿਲਾਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਲੜੀ ਦੇ ਭੋਗ ਪਾਏ ਜਾਣਗੇ ਉਪਰੰਤ ਦੀਵਾਨ ਹਾਲ ਵਿੱਚ ਭਾਈ ਅਮਨਦੀਪ ਸਿੰਘ ਹਜੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਭਾਈ ਮੰਗਲ ਸਿੰਘ ਰਾਗੀ ਜੱਥਾ, ਮੀਰੀ ਪੀਰੀ ਜਗਾਧਰੀ ਬੀਬੀਆਂ ਦਾ ਕੀਰਤਨੀਏ ਜੱਥਾ, ਭਾਈ ਸੁਖਦੇਵ ਸਿੰਘ ਨਡਾਲੋਂ, ਸੰਤ ਬਾਬਾ ਦੀਵਾਨ ਸਿੰਘ ਜੀ-ਸੰਤ ਬਾਬਾ ਨਿਧਾਨ ਸਿੰਘ ਜੀ ਸੰਗੀਤ ਵਿਦਿਆਲਾ ਨਡਾਲੋਂ ਆਦਿ ਗੁਰਬਾਣੀ ਗੁਰਇਤਿਹਾਸ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ।

ਇਸ ਮੌਕੇ ਚਾਹ ਪਕੌੜੇ ਅਤੇ ਗੁਰੂ ਜੀ ਦੇ ਲੰਗਰ ਅਤੂੱਟ ਵਰਤਾਏ ਜਾਣਗੇ।

ਭਾਜਪਾ ਮੰਡਲ ਪ੍ਰਧਾਨ ਸੱਤਾ 'ਆਪ' 'ਚ ਸ਼ਾਮਲ

ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)-ਭਾਜਪਾ ਮੰਡਲ ਪ੍ਰਧਾਨ ਸਤਬੀਰ ਸਿੰਘ ਸੱਤਾ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ ਹਨ। ਪੰਜਾਬ ਚੇਅਰਮੈਨ ਅਤੇ ਹਲਕਾ ਇੰਚਾਰਜ ਚੱਬੇਵਾਲ ਹਰਮਿੰਦਰ ਸਿੰਘ ਸੰਧੂ ਦੀ ਅਗਵਾਈ ਵਿੱਚ ਸੱਤਾ,ਤਰੁਣ ਅਰੋੜਾ ਤੇ ਪਰਿਆਸਾ ਨਾਲ ਆਪ ਵਿੱਚ ਸ਼ਾਮਿਲ ਹੋਏ।

ਸ਼ੋਰੋਵਾਲੀਆ ਦੇ ਗ੍ਰਹਿ ਵਿਖੇ ਬਲਾਕ ਪ੍ਰਧਾਨਾਂ ਨੇ ਨਗਰ ਪੰਚਾਇਤ ਦੀਆਂ ਚੋਣਾਂ ਸੰਬੰਧੀ ਕੀਤੀ ਮੀਟਿੰਗ

ਸਾਹਕੋਟ (ਗਿਆਨ ਸੈਦਪੁਰੀ) ਸਨਿੱਚਰਵਾਰ ਨੂੰ ਹਲਕਾ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੋਰੋਵਾਲੀਆ ਦੇ ਗ੍ਰਹਿ ਵਿਖੇ ਉਨ੍ਹਾਂ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਕਰਤਾਰਪੁਰ ਇੰਮਪਰੂਵਮੈਂਟ ਟਰੱਸਟ ਦੇ ਸਾਬਕਾ ਚੇਅਰਮੈਨ ਰਾਣਾ ਰੰਧਾਵਾ ਨੇ ਹਲਕਾ ਸ਼ਾਹਕੋਟ ਦੇ ਤਿੰਨੇ ਬਲਾਕ ਪ੍ਰਧਾਨਾਂ ਨਾਲ ਵਿਸ਼ੇਸ਼ ਮੀਟਿੰਗ ਕੀਤੀ। ਮੀਟਿੰਗ ਦੌਰਾਨ ਹਲਕੇ ਵਿੱਚ ਆ ਰਹੀਆਂ ਸਮੱਸਿਆਵਾਂ ਤੋਂ ਇਲਾਵਾ ਆਉਣ ਵਾਲੀਆਂ ਚੋਣਾਂ ਸਬੰਧੀ ਵੀ ਵਿਚਾਰ ਚਰਚਾ ਕੀਤੀ ਗਈ। ਮੀਟਿੰਗ ਤੋਂ ਬਾਅਦ ਹਲਕਾ ਸ਼ਾਹਕੋਟ ਤੋਂ ਬਲਾਕ ਸ਼ਾਹਕੋਟ ਦੇ ਪ੍ਰਧਾਨ ਸੁਰਿੰਦਰਜੀਤ ਸਿੰਘ ਚੱਠਾ, ਬਲਾਕ ਲੋਹੀਆਂ ਖਾਸ ਦੇ ਪ੍ਰਧਾਨ ਗੁਰਪਾਲ ਸਿੰਘ ਯੱਕੋਪੁਰ ਅਤੇ ਬਲਾਕ ਮਹਿਤਪੁਰ ਦੇ ਪ੍ਰਧਾਨ ਮਹਿੰਦਰਪਾਲ ਸਿੰਘ ਟੁਰਨਾ ਨੇ ਇੱਕ ਸਾਂਝੇ ਪ੍ਰੈਸ ਨੋਟ ਰਾਹੀਂ ਦੱਸਿਆ ਕਿ ਹਲਕਾ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੋਰੋਵਾਲੀਆ ਆਪਣੇ ਹਲਕੇ ਦੇ ਲੋਕਾਂ ਲਈ ਦਿਨ ਰਾਤ ਹਾਜਰ ਹਨ। ਉਨ੍ਹਾਂ ਕਿਹਾ ਕਿ ਸ਼ਾਹਕੋਟ ਨਗਰ ਪੰਚਾਇਤ ਦੀਆਂ ਚੋਣਾਂ ਦੌਰਾਨ ਕਾ

24-Sep-Sunday.qxd 9/23/2023 9:52 PM Page 1



ਆਰਟੀਫੀਸ਼ੀਅਲ ਇੰਟੈਲੀਜੈਂਸ
ਆਖਰੀ ਸਫ਼ੇ 'ਤੇ

ਨਵਾਂ ਜ਼ਮਾਨਾ ਐਤਵਾਰਤਾ

Regd. No : Pb/JL-123/2021-2023, (R.N.I.)-00068/57

ਜਲੰਧਰ : ਐਤਵਾਰ, 24 ਸਤੰਬਰ 2023

www.nawanzamana.in

ਕੀਮਤ 5.00 ਰੁਪਏ

ਹੁਕਮਰਾਨੋਂ ਉਹ ਪਰਿੰਦਾ
ਫੜ ਨਹੀਂ ਹੋਣਾ ਕਦੇ
ਫਤਵਿਆਂ ਦੇ ਦੌਰ ਵਿੱਚ ਵੀ
ਜੋ ਉਡਾਰੀ ਭਰ ਗਿਆ।

- ਅਜੈ ਤਨਵੀਰ

ਫਲਸਫ਼ੇ ਦੀ ਪ੍ਰਸੰਗਿਕਤਾ

ਜਗਰੂਪ

ਮਾਰਕਸਵਾਦ ਸਦਾ ਰਾਹ-ਦਸੇਰਾ

ਭਾਗ-11

ਇਸ ਉਦਾਹਰਣ ਵਿਚ ਮਾਰਕਸ ਸਬੂਤ ਪੇਸ਼ ਕਰਦਾ ਹੈ ਕਿ ਮੱਧ-ਕਾਲ ਵਿਚ ਵੀ "ਜਿਨਸ-ਉਤਪਾਦਨ" ਨਹੀਂ ਸੀ। ਉਸ ਦਾ ਇਹ ਸਪੱਸ਼ਟ ਉਦੇਸ਼, ਮਸਲਾ ਸਮਝਣ ਵਿਚ ਸਾਡੀ ਮੁੜ ਮਦਦ ਕਰਦਾ ਹੈ। ਉਸ ਦੇ ਉਲੇਖ-ਖੰਡ :

* "ਇੱਥੇ, ਸੁਤੰਤਰ ਆਦਮੀ ਦੀ ਥਾਂ, ਹਰ ਇਕ ਨੂੰ ਅਸੀਂ ਨਿਰਭਰ (dependant) ਦੇਖਦੇ ਹਾਂ, ਮੁਜ਼ਾਰਾ-ਗੁਲਾਮ ਅਤੇ ਸਾਮੰਤ, ਲਗਾਨਦਾਰ-ਕੰਮੀ ਤੇ ਜਗੀਰਦਾਰ, ਸਧਾਰਨ ਲੋਕ ਤੇ ਪਾਦਰੀ।"..

* "ਨਿੱਜੀ ਨਿਰਭਰਤਾ ਪੈਦਾਵਾਰ ਦੇ ਸਮਾਜਕ ਸੰਬੰਧਾਂ ਨੂੰ ਉਵੇਂ ਹੀ ਲਛਣਾਉਂਦੀ ਹੈ, ਜਿਵੇਂ ਇਹ ਏਸ ਪੈਦਾਵਾਰ ਦੇ ਆਧਾਰ ਉਤੇ ਜਥੇਬੰਦ ਹੋਏ ਜੀਵਨ ਦੇ ਦੂਜੇ ਖੇਤਰਾਂ ਵਿਚ ਕਰਦੀ ਹੈ, ਪਰ ਏਸੇ ਹੀ ਕਾਰਨ ਕਿ ਨਿੱਜੀ ਨਿਰਭਰਤਾ ਸਮਾਜ ਦਾ ਮੂਲ-ਆਧਾਰ ਬਣਦੀ ਹੈ, ਕਿਰਤ ਤੇ ਇਹਦੀਆਂ ਉਪਜਾਂ ਨੂੰ ਆਪਣੇ
ਯਥਾਰਥ ਤੋਂ ਵੱਖਰਾ ਅਦਭੁੱਤ ਰੂਪ ਧਾਰਨ ਦੀ ਕੋਈ
ਜ਼ਰੂਰਤ ਨਹੀਂ।"..

(ਭਾਵ ਨਿਰਭਰਤਾ ਵਾਲੇ ਮਨੁੱਖ ਦੀਆਂ ਉਪਜਾਂ ਨੂੰ, ਅਦਭੁੱਤ ਹੋਣ, ਭੇਤ ਪੂਰਨ ਬਣਨ ਦੀ ਲੋੜ ਨਹੀਂ ਹੈ, ਉਹ ਯਥਾਰਥ ਰੂਪ ਵਿਚ ਹਨ।)

* "ਇਹ ਸਮਾਜ ਦੇ ਲੈਣ-ਦੇਣ ਵਿਚ, ਸੇਵਾਵਾਂ ਤੇ ਵਸਤਾਂ ਹੀ, ਭੁਗਤਾਣ ਦਾ ਰੂਪ ਧਾਰ ਲੈਂਦੀਆਂ ਹਨ। ਇਥੇ ਕਿਰਤ ਦਾ ਖਾਸਾ ਤੇ ਕੁਦਰਤੀ ਰੂਪ ਹੀ ਕਿਰਤ ਦਾ ਤਤਕਾਲੀ ਸਮਾਜਕ ਰੂਪ ਹੈ,"...

(ਭਾਵ ਕਿ ਕੁਦਰਤ ਉਪਜਾਊ ਹੈ, ਉਸ ਦੀਆਂ ਉਪਜਾਂ ਵਰਤੋਂ-ਮੁੱਲ ਰੱਖਦੀਆਂ ਹਨ, ਸਮਾਜ ਵਿਚ ਨਿਰਭਰ ਮਨੁੱਖੀ ਸਰਗਰਮੀ, ਵਸਤ- ਉਪਜਾਊ ਹੈ,
ਉਨ੍ਹਾ ਦਾ ਵੀ ਵਰਤੋਂ-ਮੁੱਲ ਹੈ, ਇਹ ਲੈਣ ਦੇਣ, ਸੇਵਾਵਾਂ ਤੇ ਵਸਤਾਂ ਦੇ ਤਬਾਦਲੇ ਦਾ ਰੂਪ ਧਾਰ ਲੈਂਦਾ ਹੈ।)

* "ਜਬਰੀ-ਕਿਰਤ, ਸਮੇਂ ਦੁਆਰਾ ਉਵੇਂ ਹੀ ਯੋਗ ਤਰ੍ਹਾਂ ਮਾਪੀ ਜਾਂਦੀ ਹੈ ਜਿਵੇਂ ਜਿਨਸ-ਉਪਜਾਊ ਕਿਰਤ, ਪਰ ਹਰ ਮੁਜ਼ਾਰਾ-ਗੁਲਾਮ ਜਾਣਦਾ ਹੈ ਕਿ ਉਹ ਆਪਣੇ ਸਾਮੰਤ ਦੀ ਸੇਵਾ ਵਿਚ ਜੋ ਕੁਝ ਖਰਚਦਾ ਹੈ, ਉਹ ਖੁਦ ਉਹਦੀ ਨਿੱਜੀ ਕਿਰਤ-ਸ਼ਕਤੀ ਦੀ ਨਿਸ਼ਚਤ ਮਾਤਰਾ ਹੈ।"...

* "ਇਸ ਸਮਾਜ ਵਿਚ ਲੋਕਾਂ ਦੀਆਂ ਵੱਖ-ਵੱਖ ਜਮਾਤਾਂ ਜੋ ਹਿੱਸਾ ਅਦਾ ਕਰਦੀਆਂ ਹਨ, ਉਹਦੇ ਬਾਰੇ ਅਸੀਂ ਭਾਵੇਂ ਕੁਝ ਵੀ ਕਿਉਂ ਨਾ ਸੋਚੀਏ, ਆਪਣੀ ਕਿਰਤ ਕਰਨ ਸਮੇਂ ਵਿਅਕਤੀਆਂ ਵਿਚਲੇ ਸਮਾਜਕ ਸੰਬੰਧ, ਸਭਨਾਂ ਹਾਲਤਾਂ ਵਿਚ, ਉਹਨਾਂ ਦੇ ਖੁਦ ਆਪਣੇ ਪਰਸਪਰ ਨਿੱਜੀ ਸੰਬੰਧ ਜਾਪਦੇ ਹਨ, ਅਤੇ ਉਹ ਕਿਰਤ ਦੀਆਂ ਉਪਜਾਂ ਵਿਚਲੇ ਸਮਾਜਕ ਸੰਬੰਧਾਂ ਦੀ ਸ਼ਕਲ ਹੇਠ ਲੁਕੇ ਹੋਏ ਨਹੀਂ ਹੁੰਦੇ।"..

ਸੋ ਮੱਧ ਯੁੱਗ ਵਿਚ, ਕਿਰਤ ਦੀ ਸਮਾਜਕ ਵੰਡ ਕਾਰਨ, ਸਮਾਜਕ ਸੰਬੰਧ ਹੀ ਵਿਅਕਤੀਆਂ ਨੂੰ ਨਿੱਜੀ ਸੰਬੰਧ ਪ੍ਰਤੀਤ ਹੁੰਦੇ ਹਨ। ਇਸ ਦੌਰ ਵਿਚ ਜਿਨਸ ਪੈਦਾਵਾਰ ਨਹੀਂ ਸੀ।

ਕਾਰਲ ਮਾਰਕਸ ਗੱਲ ਨੂੰ ਅੱਗੇ ਨਿਸ਼ਾਨੇ ਵੱਲ ਵਧਾਉਂਦਾ ਹੈ। ਇਸ ਨੂੰ ਵੀ ਦੋ ਭਾਗ ਕਰਕੇ ਵਧੇਰੇ ਸਪੱਸ਼ਟਤਾ ਹਾਸਲ ਕੀਤੀ ਜਾ ਸਕਦੀ ਹੈ।

1) "ਸਾਂਝੇ ਰੂਪ ਵਿਚ ਕਿਰਤ ਜਾਂ ਸਿੱਧੇ ਤੌਰ 'ਤੇ ਸਹਿਯੋਗੀ-ਕਿਰਤ (associated labour) ਦੀ ਮਿਸਾਲ ਲੱਭਤ ਲਈ, ਸਾਨੂੰ ਖੁਦ-ਰੌਅ-ਤੌਰ 'ਤੇ ਵਿਕਸਤ ਰੂਪ ਵੱਲ ਜਾਣ ਦਾ ਕੋਈ ਮੌਕਾ ਹਾਸਲ ਨਹੀਂ, ਜਿਸ ਨੂੰ ਅਸੀਂ ਸਭ ਸਭਯ ਨਸਲਾਂ ਦੇ ਇਤਿਹਾਸ ਦੀਆਂ ਦਹਿਲੀਜ਼ਾਂ 'ਤੇ ਦੇਖਦੇ ਹਾਂ।"

ਭਾਵ ਕਿ, ਸਾਡੇ ਕੋਲ "ਸਾਂਝੀ-ਕਿਰਤ" ਅਤੇ "ਸਹਿਯੋਗੀ-ਕਿਰਤ" ਦੀ ਭਾਵੇਂ ਕੋਈ ਸਿੱਧੀ ਮਿਸਾਲ ਨਹੀਂ ਹੈ; ਪਰ)

* "ਅਸੀਂ ਇਸ ਦੀ ਇਕ ਮਿਸਾਲ ਆਪਣੇ ਨੇੜੇ ਹੀ ਇਕ ਕਿਸਾਨ ਪਰਵਾਰ ਵਿੱਚੋਂ, ਜਿਹੜਾ ਅਨਾਜ, ਪਸ਼ੂ, ਧਾਗਾ, ਕੱਪੜਾ ਅਤੇ ਘਰ ਦੀ ਵਰਤੋਂ ਲਈ ਪਹਿਨਣ ਦੇ ਬਸਤਰ ਉਪਜਾਂਦਾ ਹੈ, ਪਿਤਰਸ਼ਾਹੀ ਉਦਯੋਗਾਂ ਵਿਚ ਵੇਖਦੇ ਹਾਂ। ਇਹ ਵੱਖ-ਵੱਖ ਚੀਜ਼ਾਂ, ਜਿੱਥੋਂ ਤੱਕ ਪਰਵਾਰ ਦਾ ਸੰਬੰਧ ਹੈ, ਉਹਦੀ ਕਿਰਤ ਦੀਆਂ, ਏਨੀਆਂ ਉਪਜਾਂ ਹਨ, ਪਰ ਉਹਨਾਂ ਦੇ ਆਪਣੇ ਵਿਚਕਾਰ ਇਹ ਜਿਨਸਾਂ (Commodities) ਨਹੀਂ ਹਨ। ਵੱਖ-ਵੱਖ ਕਿਸਮਾਂ ਦੀ ਕਿਰਤ, ਜਿਵੇਂ ਕਿ ਕਾਸ਼ਤਕਾਰੀ, ਪਸ਼ੂ-ਪਾਲਣ, ਕਤਾਈ, ਬੁਣਾਈ ਅਤੇ ਕੱਪੜੇ ਤਿਆਰ ਕਰਨਾ, ਜਿਨ੍ਹਾਂ ਦਾ ਨਤੀਜਾ ਵੱਖ-ਵੱਖ ਉਪਜਾਂ ਵਿਚ ਨਿਕਲਦਾ ਹੈ, ਆਪਣੇ-ਆਪ ਵਿਚ, ਜਿਵੇਂ ਕਿ ਉਹ ਹਨ, ਸਿੱਧੇ ਸਮਾਜਕ ਕਰਤਵ ਹਨ। ਕਿਉਂ ਜੁ

* "ਪਰਵਾਰ ਦੇ ਅੰਦਰ ਕੰਮ ਦੀ ਵੰਡ, ਅਤੇ ਬਹੁਤ ਸਾਰੇ ਮੈਂਬਰਾਂ ਦੇ ਕਿਰਤ-ਸਮੇਂ ਦੀ ਕਾਇਦਾਬੰਦੀ, ਉਮਰ ਤੇ ਲਿੰਗ ਦੇ ਫਰਕਾਂ ਉਤੇ, ਉਵੇਂ ਹੀ ਨਿਰਭਰ ਰੱਖਦੀ ਹੈ, ਜਿਵੇਂ ਰੁੱਤਾਂ, ਬਦਲੀਆਂ ਹਾਲਤਾਂ ਕੁਦਰਤ ਉਤੇ।"..

* "ਹਰ ਵਿਅਕਤੀ ਦੀ ਕਿਰਤ-ਸ਼ਕਤੀ, ਆਪਣੇ ਖਾਸੇ ਤੋਂ ਹੀ ਇਸ ਹਾਲਤ ਵਿਚ ਪਰਵਾਰ ਦੀ ਕੁਲ
ਕਿਰਤ-ਸ਼ਕਤੀ ਦੇ ਇਕ ਨਿਸ਼ਚਤ ਭਾਗ ਵਜੋਂ ਹੀ ਅਮਲ ਕਰਦੀ ਹੈ, ਅਤੇ ਇਸੇ ਲਈ, ਆਪਣੇ ਨਿਸ਼ਚਤ ਸਮੇਂ ਤੋਂ ਵਿਅਕਤੀ ਦੀ ਕਿਰਤ-ਸ਼ਕਤੀ ਦਾ ਮਾਪ, ਇੱਥੇ ਆਪਣੇ ਖਾਸੇ ਤੋਂ ਹੀ, ਉਨ੍ਹਾਂ ਦੀ ਕਿਰਤ ਦਾ ਸਮਾਜਕ ਖਾਸਾ ਦਿਸਦਾ ਹੈ।"...

ਇਸ ਤਰ੍ਹਾਂ ਮਾਰਕਸ ਜਿਨਸ-ਪੈਦਾਵਾਰ ਤੋਂ ਬਗੈਰ,
ਪਰਵਾਰਕ-ਉਪਜਾਂ ਦੇ ਸਮਾਜਕ ਖਾਸੇ ਦਾ ਉਲੇਖ ਕਰਦਾ ਹੈ।

ਅਸੀਂ ਮਾਰਕਸ ਦੁਆਰਾ ਪੜਚੋਲੀ ਤੌਰ 'ਤੇ ਪੇਸ਼ ਕੀਤੇ ਤੋਂ, ਦੇਖ ਲਿਆ ਹੈ ਕਿ ਪੈਦਾਵਾਰ ਦੇ ਮੁੱਢਲੇ ਰੌਬਿਨਸਨ ਢੰਗ, ਗੁਲਾਮਦਾਰੀ ਅਤੇ ਜਗੀਰੂ ਢੰਗ ਵਿਚ "ਜਿਨਸ" ਉਤਪਾਦਨ ਨਹੀਂ ਸੀ।

ਇਹ (ਜਿਨਸ-ਉਤਪਾਦਨ) ਕੇਵਲ ਬੁਰਜੂਆ ਪੈਦਾਵਾਰੀ ਢੰਗ ਦਾ ਵਰਤਾਰਾ ਹੈ, ਇਹਦਾ ਅਰੰਭ ਕਿਰਤ-ਸ਼ਕਤੀ ਦੇ ਉਜਰਤ ਵਟਾਂਦਰੇ ਨਾਲ ਹੁੰਦਾ ਹੈ। ਇਹ ਇਤਿਹਾਸਕ ਹੈ। ਸਮਾਜਕ ਉਪਜਾਂ ਦੀ ਖਪਤ-ਵੰਡ (ਵਸਤ ਨਾਲ ਵਸਤ ਵਟਾਂਦਰਾ-barter system) ਦੇ ਇਤਿਹਾਸਕ ਅਮਲ ਵਿੱਚੋਂ, ਵਟਾਂਦਰਾ-ਗੇੜ : ਜ-ਮ-ਜ ਵਜੋਂ ਉੱਭਰੇ ਮੁਦਰਾ-ਵਟਾਂਦਰਾ ਰੂਪ: ਮ-ਜ-ਮ, ਨੇ ਜਿਨਸ-ਉਤਪਾਦਨ ਨੂੰ ਅੱਗੇ ਲਿਆਂਦਾ ਸੀ। ਜਿਸ ਨੇ ਕਿਰਤ ਦੀ ਵੰਡ ਵਿੱਚੋਂ ਕਿਰਤ-ਸ਼ਕਤੀ (ਅਮੂਰਤ ਕਿਰਤ) ਨੂੰ ਉਜਰਤ ਨਾਲ ਵਟਾਅ ਕੇ, "ਉਜਰਤੀ ਕਿਰਤ"

ਦੀ ਵਰਤੋਂ ਅਰੰਭ ਕੀਤੀ। ਵਟਾਂਦਰੇ ਵਾਲੀ ਵਸਤ, ਜਿਨਸ ਹੈ ਕਿਉਂਕਿ ਉਹ ਵਰਤੋਂ ਅਤੇ ਵਟਾਂਦਰਾ ਦੋਵੇਂ ਲੱਛਣ (ਗੁਣ, ਮੁੱਲ) ਰੱਖਦੀ ਹੈ। ਇਸ ਲਈ ਉਜਰਤੀ-ਕਿਰਤ ਜਿਨਸ ਹੈ। ਇਕੋ-ਇਕ ਅਜਿਹੀ ਜਿਨਸ, ਜੋ ਵਟਾਂਦਰੇ ਪਿੱਛੋਂ, ਵਰਤੋਂ ਨਾਲ, ਆਪਣੇ ਵਟਾਂਦਰਾ-ਮੁੱਲ ਤੋਂ ਵਧੇਰੇ ਮੁੱਲ ਸਿਰਜਕ ਹੈ। ਇਸ ਨਾਲ ਉਜਰਤੀ-ਕਿਰਤ ਬੁਰਜੂਆ ਸਮਾਜ ਦੀ ਬੁਨਿਆਦ ਅਤੇ ਹੋਂਦ ਬਣ ਗਈ। ਜਦੋਂ ਤੱਕ ਉਜਰਤੀ-ਕਿਰਤ ਹੈ, ਤਦ ਤੱਕ ਬੁਰਜੂਆ ਪ੍ਰਬੰਧ ਹੈ ਅਤੇ ਇਹ, ਉਜਰਤੀ ਕਿਰਤ ਦੇ ਨਵੇਂ ਤੋਂ ਨਵੇਂ ਢੰਗ ਨਾਲ ਲੁੱਟ ਨੂੰ ਵਧਾਉਣ ਵਿਚ ਲੱਗਿਆ ਰਹੇਗਾ।

ਇਸੇ ਲਈ ਮਾਰਕਸੀ-ਉਦੇਸ਼-ਨਾਹਰਾ ਹੈ: ਉਜਰਤੀ-ਕਿਰਤ ਤੋਂ ਮੁਕਤੀ ਲਈ ,
"ਉਜਰਤੀ-ਗੁਲਾਮੀ ਦਾ ਖਾਤਮਾ"!

ਇੰਜ, ਮਾਰਕਸ ਆਪਣੀ ਖੋਜ ਨੂੰ ਪੇਸ਼ ਕਰਦਾ ਹੈ :

* "ਆਓ ਹੁਣ ਅਸੀਂ, ਤਬਦੀਲੀ ਦੇ ਤੌਰ 'ਤੇ, ਆਜ਼ਾਦ ਵਿਅਕਤੀਆਂ ਦੇ ਭਾਈਚਾਰੇ ਨੂੰ ਨਿਰੂਪੀਏ, ਵਿਅਕਤੀ ਜਿਹੜੇ ਪੈਦਾਵਾਰ ਦੇ ਸਾਂਝੇ ਸਾਧਨਾਂ ਨਾਲ
ਆਪਣਾ ਕੰਮ ਕਰਦੇ ਹਨ, ਜਿਸ ਵਿਚ ਸਭਨਾਂ ਵੱਖ-ਵੱਖ ਵਿਅਕਤੀਆਂ ਦੀ ਕਿਰਤ-ਸ਼ਕਤੀ, ਭਾਈਚਾਰੇ ਦੀ ਜੁੜਵੀਂ ਕਿਰਤ-ਸ਼ਕਤੀ ਵਜੋਂ, ਚੇਤੰਨ ਤੌਰ 'ਤੇ ਲਾਗੂ ਕੀਤੀ ਜਾਂਦੀ ਹੈ। ਰੌਬਿਨਸਨ ਦੀ ਕਿਰਤ ਦੇ ਸਭੇ ਖਾਸੇ (ਲੱਛਣ) ਇਥੇ ਦੁਹਰਾਏ ਜਾਂਦੇ ਹਨ, ਪਰ ਇਸ ਫਰਕ ਨਾਲ, ਕਿ ਇਹ, ਵਿਅਕਤੀਗਤ ਦੀ ਥਾਂ, ਸਮਾਜਕ ਹਨ। ਉਸ ਦੀ ਉਪਜਾਈ ਹਰ ਚੀਜ਼ ਅਨੰਨ ਤੌਰ 'ਤੇ ਖੁਦ ਉਹਦੀ ਨਿੱਜੀ ਕਿਰਤ ਦਾ ਸਿੱਟਾ ਸੀ, ਅਤੇ ਇਸ ਲਈ ਉਹ, ਉਹਦੇ ਆਪਣੇ ਲਈ ਹੀ, ਵਰਤੋਂ ਦੀ ਵਸਤੂ ਸੀ। ਸਾਡੇ ਭਾਈਚਾਰੇ ਦੀ ਕੁਲ ਉਪਜ ਸਮਾਜਕ ਉਪਜ ਹੈ।...

ਅਗਲਾ ਭਾਗ ਅਦੁਤੀ ਗਿਆਨ ਹੈ, ਜਿਸ ਦਾ,

* "ਇਕ ਹਿੱਸਾ ਪੈਦਾਵਾਰ ਦੇ ਹੋਰ ਨਵੇਂ ਸਾਧਨਾਂ ਦਾ ਕੰਮ ਦਿੰਦਾ ਹੈ ਅਤੇ ਸਮਾਜਕ ਰਹਿੰਦਾ ਹੈ। ਪਰ ਦੂਜਾ ਹਿੱਸਾ ਉਪਜੀਵਕਾ ਦੇ ਸਾਧਨਾਂ ਵਜੋਂ ਮੌਂਬਰ ਵਰਤਦੇ ਹਨ। ਸੋ ਇਸ ਲਈ ਉਹਨਾਂ ਵਿਚਕਾਰ ਇਸ ਹਿੱਸੇ ਦੀ ਵੰਡ ਜ਼ਰੂਰੀ ਹੈ।

* "ਇਸ ਵੰਡ ਦਾ ਤਰੀਕਾ ਭਾਈਚਾਰੇ ਦੀ ਪੈਦਾਵਾਰੀ ਜਥੇਬੰਦੀ ਅਤੇ ਉਪਜਕਾਰਾਂ ਦੇ ਹਾਸਲ ਕੀਤੇ ਇਤਿਹਾਸਕ ਵਿਕਾਸ ਦੇ ਦਰਜੇ ਅਨੁਸਾਰ ਵੱਖ-ਵੱਖ ਹੋਵੇਗਾ।"..

* "ਅਸੀਂ ਇਹ ਫਰਜ਼ ਕਰਾਂਗੇ...ਕਿ ਉਪਜੀਵਕਾ ਦੇ ਸਾਧਨਾਂ ਵਿਚ ਹਰ ਅੱਡ-ਅੱਡ ਉਪਜਕਾਰ ਦਾ ਹਿੱਸਾ
ਉਸ ਦੇ ਕਿਰਤ-ਸਮੇਂ ਰਾਹੀਂ ਮਿੱਥਿਆ ਜਾਂਦਾ ਹੈ।

* "ਕਿਰਤ-ਸਮਾਂ, ਇਸ ਸੂਰਤ ਵਿਚ, ਦੂਹਰਾ ਰੋਲ ਅਦਾ ਕਰਦਾ ਹੈ। ਨਿਸ਼ਚਤ ਸਮਾਜਕ ਯੋਜਨਾ ਅਨੁਸਾਰ ਇਹਦੀ ਤਕਸੀਮ, ਕੀਤੇ ਜਾਣ ਵਾਲੇ ਵੱਖ-ਵੱਖ ਕਿਸਮ ਦੇ ਕੰਮ ਅਤੇ ਭਾਈਚਾਰੇ ਦੀਆਂ ਅਨੇਕਾਂ ਲੋੜਾਂ ਵਿਚਲੀ ਯੋਗ ਨਿਸਬਤ ਨੂੰ



ਕਾਇਮ ਰੱਖਦੀ ਹੈ। ....

ਦੂਜੇ ਪਾਸੇ, ਇਹ ਸਾਂਝੀ ਕਿਰਤ ਵਿਚ ਹਰ ਵਿਅਕਤੀ ਵੱਲੋਂ ਪਾਏ ਹਿੱਸੇ ਦੇ ਮਾਪ ਦਾ, ਅਤੇ ਕੁਲ ਵਿਅਕਤਿਕ
ਖਪਤ ਲਈ ਮਿਲੀ ਕੁਲ ਉਪਜ ਦੇ ਭਾਗ ਵਿਚ, ਉਹਦੇ ਹਿੱਸੇ ਦੇ ਮਾਪ ਦਾ ਕੰਮ ਵੀ ਦਿੰਦਾ ਹੈ।"..

* "ਵਿਅਕਤੀਗਤ ਉਪਜਕਾਰਾਂ ਦੇ ਸਮਾਜਕ ਸੰਬੰਧ,
ਉਹਨਾਂ ਦੀ ਕਿਰਤ ਅਤੇ ਉਹਦੀਆਂ ਉਪਜਾਂ, ਦੋਵਾਂ ਦੇ ਸੰਬੰਧ ਵਿਚ, ਇਸ ਸੂਤਰ ਵਿਚ, ਪੂਰੀ ਤਰ੍ਹਾਂ ਸਰਲ ਅਤੇ ਸਮਝ ਆਉਣ ਵਾਲੇ ਹੁੰਦੇ ਹਨ, ਤੇ ਅਜਿਹਾ ਸਿਰਫ ਪੈਦਾਵਾਰ ਦੇ ਹੀ ਨਹੀਂ, ਸਗੋਂ ਵੰਡ ਦੇ ਸੰਬੰਧ ਵਿਚ ਵੀ ਹੁੰਦਾ ਹੈ।"

ਪੈਦਾਵਾਰ ਅਤੇ ਵੰਡ ਜੁੜਵੇਂ ਹਨ। ਇਹ ਇਕੱਠਾ ਵਰਤਾਰਾ ਹੈ। "ਸਭ ਨੂੰ ਕੰਮ ਯੋਗਤਾ ਅਨੁਸਾਰ
ਅਤੇ ਉਜਰਤ ਕੰਮ ਅਨੁਸਾਰ", ਇਹ, ਇਸ ਨੇਮ ਦੀ ਅਟੁੱਟਤਾ ਦਾ ਪ੍ਰਗਟਾਅ ਹੈ। ਇਹ ਮਾਰਕਸ ਦੀ
ਉਤਮ ਨਿਰੂਪਣ ਕਲਾ ਦਾ ਪ੍ਰਗਟਾਅ ਹੈ, ਜਿਸ ਦਾ ਕੋਈ ਸਾਨੀ ਨਹੀਂ। ਇਹ ਕੇਵਲ ਤੇ ਕੇਵਲ ਤਾਂ ਹੀ ਸੰਭਵ ਹੁੰਦਾ ਹੈ (ਮਾਰਕਸ ਦੇ ਆਪਣੇ ਸ਼ਬਦਾਂ 'ਚ)

"....ਜੇ ਵਿਸ਼ੇ ਵਸਤੂ ਦਾ ਜੀਵਨ ਸ਼ੀਸ਼ੇ ਵਾਂਗ ਵਿਚਾਰਾਂ ਵਿਚ ਝਲਕਣ ਲੱਗਦਾ ਹੈ, ਤਦ ਇਹ ਸੰਭਵ ਹੈ ਕਿ ਸਾਨੂੰ ਇੰਜ ਜਾਪੇ, ਜਿਵੇਂ ਕਿਸੇ ਨੇ ਆਪਣੇ ਦਿਮਾਗ 'ਚੋਂ ਸੋਚ ਕੇ ਕੋਈ ਤਸਵੀਰ ਘੜੀ ਹੈ"।

ਇੰਜ ਮਾਰਕਸ "ਜਿਨਸ-ਪੈਦਾਵਾਰ" ਨੂੰ ਇਤਿਹਾਸਕ ਐਲਾਨਦਾ ਹੈ, ਇਸ ਦੀ ਹੋਂਦ ਇਕ ਖਾਸ ਦੌਰ ਦੀ ਮੁਥਾਜ ਹੈ। ਇਹ ਸਦੀਵੀ ਨਹੀਂ, ਉਜਰਤੀ-ਗੁਲਾਮੀ ਦਾ ਖਾਤਮਾ ਪਰੋਲਤਾਰੀ ਦਾ ਮਿਸ਼ਨ ਹੈ।...

ਭਾਗ-12

"ਉਜਰਤੀ-ਕਿਰਤ", ਕਿਰਤ-ਸ਼ਕਤੀ ਦਾ, ਉਸ ਦੀ ਕੀਮਤ; ਉਜਰਤ ਨਾਲ ਤਬਾਦਲਾ ਕਰਨ ਦਾ ਨਾਮਕਰਨ (ਸ਼ਬਦ) ਹੈ, ਇਹ 'ਉਜਰਤੀ-ਗੁਲਾਮੀ' ਹੈ। 'ਕਿਰਤ-ਸ਼ਕਤੀ' ਜ਼ਿੰਦਾ ਰਹਿਣ ਲਈ ਉਜਰਤ ਬਦਲੇ, ਆਪਣੇ ਵਟਾਂਦਰੇ ਲਈ ਮੁਥਾਜ ਹੈ। ਮਾਰਕਸ-ਏਂਗਲਜ਼ ਨੇ 'ਮੈਨੀਫੈਸਟੋ' ਵਿਚ, ਸਵਾਲ-ਜਵਾਬ ਵਿਚ, ਇਸ ਬਾਰੇ ਲਿਖਿਆ ਸੀ ਕਿ ਸਾਡਾ ਐਲਾਨਨਾਮਾ : "ਦੂਜਿਆਂ ਦੀ ਕਿਰਤ ਨੂੰ ਆਪਣੇ ਅਧੀਨ ਕਰਨ ਦੀ ਤਾਕਤ ਤੋਂ ਉਹਨੂੰ ਵਾਂਝਿਆਂ ਕਰ ਦਿੰਦਾ ਹੈ।" (ਮੈਨੀਫੈਸਟੋ, ਸਫਾ 48)

ਇੰਜ ਇਹ 'ਸਰਮਾਏ ਨਾਲ ਕਿਰਤ-ਸ਼ਕਤੀ ਦੀ ਵਰਤੋਂ' ਦੇ ਹੱਕ ਦਾ ਖਾਤਮਾ ਹੈ, ਭਾਵ ਉਜਰਤੀ-ਕਿਰਤ ਦਾ ਖਾਤਮਾ ਹੈ। ਅਜਿਹਾ ਹੋਣ ਨਾਲ 'ਕਿਰਤ-ਸ਼ਕਤੀ' ਜਿਨਸ ਨਹੀਂ ਰਹਿੰਦੀ । ਇਸ ਭੇਤ ਤੋਂ ਪਰਦਾ ਉਠੇ ਬਗੈਰ, ਇਸ ਦੇ ਖਾਤਮੇ ਵੱਲ ਵਧਿਆ ਜਾ ਹੀ ਨਹੀਂ ਸਕਦਾ। ਇਸ ਭੇਤ ਨੂੰ ਮਾਰਕਸ ਜਿਨਸ-ਚਲਿੱਤਰ (Fetish) ਸੱਦਦਾ ਹੈ ਅਤੇ ਜਿਨਸ ਉਤਪਾਦਨ ਦੇ ਪੂਰੇ ਜੰਜਾਲ ਨੂੰ, ਜਿਨਸਾਂ ਦੀਆਂ ਜੜ੍ਹ-ਚਲਿੱਤਰੀਆਂ (Fetishism) ਦਾ ਨਾਂਅ ਦਿੰਦਾ ਹੈ।

ਜੜ੍ਹ-ਚਲਿੱਤਰੀਆਂ ਕੀ ਹਨ ?

'ਕਿਰਤ-ਸ਼ਕਤੀ' ਨੂੰ ਉਸ ਦੀ ਕੀਮਤ (ਉਜਰਤ) ਉਤੇ ਵਟਾਂਦਰਾ ਕਰਨਾ, "ਉਜਰਤੀ-ਕਿਰਤ" ਹੈ, ਇਹ ਜੜ੍ਹ ਹੈ। ਉਜਰਤੀ-ਕਿਰਤ ਦੀ ਵੰਨ-ਸੁਵੰਨੀ ਵਰਤੋਂ ਦਾ ਸਮੁੱਚਾ ਤਾਣਾ-ਬਾਣਾ, ਜੜ੍ਹ ਤੇ ਉਸਾਰ ਮਿਲ ਕੇ, ਜੜ੍ਹ-ਚਲਿੱਤਰੀਆਂ (Fetishism) ਸੱਦਿਆ ਜਾਂਦਾ ਹੈ। ਜੇ ਆਧਾਰ, ਉਜਰਤੀ-ਕਿਰਤ (ਜੜ੍ਹ) ਨਹੀਂ ਹੋਵੇਗੀ ਤਾਂ ਅਗਲਾ ਉਸਾਰ ਵੀ ਬਦਲਿਆ ਰੂਪ ਧਾਰਨ ਕਰੇਗਾ।

ਇਹ ਗੁਣ, ਔਗੁਣ ਅਬਦਲ ਹਨ। ਖਰੀਦਦਾਰ ਲਈ ਗੁਣ ਹੈ ਅਤੇ ਕਿਰਤ-ਸ਼ਕਤੀ ਦੇ ਮਾਲਕ; ਕਿਰਤੀ ਲਈ ਔਗੁਣ ਹੈ। ਮਾਲਕ ਦੇ ਹੱਕ ਵਿਚ ਹੈ ਅਤੇ ਕਿਰਤੀ ਦੇ ਵਿਰੋਧ ਵਿਚ ਹੈ, ਕਿਉਂਕਿ ਕਿਰਤ-ਸ਼ਕਤੀ, ਉਸ (ਕਿਰਤੀ) ਤੋਂ ਵੱਖ ਆਪਣੀ ਹੋਂਦ ਨਹੀਂ ਰੱਖ ਸਕਦੀ। ਇਸ ਲਈ ਇਹ ਕਿਰਤੀ ਦੀ ਮੁਥਾਜੀ ਦਾ ਰੂਪ ਹੈ। ਇਸ ਅਬਦਲ-ਗੁਣ (ਜੜ੍ਹ) ਪਿੱਛੋਂ, ਜਿਨਸ ਉਤਪਾਦਨ ਦੀਆਂ ਗੁੰਝਲਦਾਰ ਗਤੀਵਿਧੀਆਂ ਨੂੰ ਅਤੇ ਇਹਨਾਂ ਚਲਿੱਤਰੀਆਂ ਦੇ ਭੇਤ ਨੂੰ, ਅਭੇਤ (ਨੰਗਾ) ਕੀਤੇ ਬਗੈਰ, ਇਹਨਾਂ (ਜੜ੍ਹ-ਚਲਿੱਤਰੀਆਂ) ਤੋਂ ਮੁਕਤੀ ਦੇ ਮਾਰਗ ਉਤੇ ਅੱਗੇ ਵਧਣਾ ਅਸੰਭਵ ਹੈ। ਜਿਨਸ-ਪੈਦਾਵਾਰ, ਸਰਮਾਏਦਾਰੀ (ਸਰਮਾਏ ਨਾਲ ਪੈਦਾਵਾਰ ਦਾ ਗੇੜ) ਦਾ ਖਾਸਾ ਹੈ। ਇਸੇ ਵਿਚ 'ਮੁੱਲ' ਅਤੇ 'ਵਾਧੂ-ਮੁੱਲ ਦਾ ਸਿਧਾਂਤ', ਉਤਪਾਦਕਤਾ ਦਾ ਵਾਧਾ ਅਤੇ ਉਹਦੇ ਪ੍ਰਭਾਵੀ ਲੱਛਣ : ਬੇਰੁਜ਼ਗਾਰੀ, ਸਾਪੇਖ- ਵਾਧੂ ਵਸੋਂ ਆਦਿ ਸਭ ਇਸੇ ਦੀਆਂ ਚਲ

24-Sep-Sunday.qxd 9/23/2023 9:55 PM Page 5

ਗੰਗਾ ਵਗਦੀ ਦੇ ਦੇਸ਼ ਵਿੱਚ 'ਗੰਗਾ' ਵੀ ਰਹਿੰਦਾ ਹੈ, ਪਰ ਇੱਕ ਵੋਟ ਤੋਂ ਵੱਧ ਉਸ ਦੀ ਹਸਤੀ ਨਹੀਂ

ਦ੍ਰਿਸ਼ਟੀਕੋਣ

ਜਤਿੰਦਰ ਪਨੂੰ

ਬੜਾ ਚਿਰ ਪਹਿਲਾਂ ਇੱਕ ਫਿਲਮੀ ਗਾਣਾ ਚਰਚਾ ਵਿੱਚ ਆਇਆ ਸੀ: 'ਮੈਂ ਉਸ ਦੇਸ਼ ਕਾ ਵਾਸੀ ਹੂੰ, ਜਿਸ ਦੇਸ਼ ਮੇਂ ਗੰਗਾ ਬਹਿਤੀ ਹੈ।' ਉਸ ਪਿੱਛੋਂ ਕਿਸੇ ਨੇ ਪੈਰੋਡੀ ਕੀਤੀ ਸੀ: 'ਮੈਂ ਉਸ ਦੇਸ਼ ਕਾ ਵਾਸੀ ਹੂੰ, ਜਿਸ ਦੇਸ਼ ਮੇਂ ਗੰਗਾ ਰਹਿਤਾ ਹੈ।' ਭਾਰਤ ਦੇਸ਼ ਵਿੱਚ ਰਹਿਣ ਵਾਲਾ ਇਹ 'ਗੰਗਾ' ਕੋਈ 'ਗੰਗਾ ਰਾਮ' ਹੋ ਸਕਦਾ ਹੈ, 'ਗੰਗਾ ਸਿੰਘ' ਵੀ ਹੋ ਸਕਦਾ ਹੈ ਤੇ ਜੈਨੀ ਜਾਂ ਬੋਧੀ ਵੀ ਹੋ ਸਕਦਾ ਹੈ। ਸਵਾਲ ਇਹ ਨਹੀਂ ਕਿ ਉਹ ਕਿਸ ਧਰਮ ਨਾਲ ਸੰਬੰਧਤ ਹੈ, ਸਗੋਂ ਇਹ ਹੈ ਕਿ ਦੇਸ਼ ਦੀ ਪ੍ਰਸਿੱਧ ਅਤੇ ਪਾਵਨ ਗਿਣੀ ਜਾਂਦੀ ਗੰਗਾ ਨਦੀ ਦੀ ਹਾਲਤ ਸੁਧਾਰੀ ਨਹੀਂ ਗਈ, ਕਿਸੇ ਛੋਟੇ ਜਿਹੇ ਸੂਬੇ ਦੀ ਸਰਕਾਰ ਦੇ ਬੱਜਟ ਜਿੰਨੇ ਪੈਸੇ ਇਸ ਗੰਗਾ ਉੱਤੇ ਖਰਚ ਹੋਏ, ਪਰ ਗੰਦਗੀ ਉਸ ਵਿੱਚ ਅਜੇ ਤੱਕ ਵਗਦੀ ਹੈ। ਕਾਰਨ ਸਿੱਧਾ ਜਿਹਾ ਹੈ ਕਿ ਗੰਗਾ ਦੀ ਸਫਾਈ ਕੁਝ ਵਿਖਾਵੇ ਲਈ ਅਤੇ ਕੁਝ ਵੱਡੇ ਲੀਡਰਾਂ ਦੇ ਆਉਣ ਉੱਤੇ ਦੁਨੀਆ ਭਰ ਦੇ ਲੋਕਾਂ ਨੂੰ ਵਿਖਾਉਣ ਜੋਗੇ ਚਾਰ ਕੁ ਘਾਟ ਸਾਫ ਕਰਨ ਲਈ ਕੁਝ ਖੇਚਲ ਕੀਤੀ-ਕਰਵਾਈ ਜਾਂਦੀ ਹੈ, ਸੱਚੀ ਸਫਾਈ ਕਦੇ ਹੁੰਦੀ ਹੀ ਨਹੀਂ। ਏਹੋ ਹਾਲਤ ਇਸ ਦੇਸ਼ ਵਿੱਚ ਪੈਦਾ ਹੋਏ ਤੇ ਜ਼ਿੰਦਗੀ ਨੂੰ ਮਾਨਣ ਦੀ ਬਜਾਏ ਭੁਗਤਣ ਆਏ 'ਗੰਗਾ' ਨਾਂਅ ਵਾਲੇ ਕਿਸੇ ਆਮ ਆਦਮੀ ਦੀ ਹੁੰਦੀ ਰਹੀ ਹੈ, ਹਾਲੇ ਤੱਕ ਹੋਈ ਜਾਂਦੀ ਹੈ ਤੇ ਭਵਿੱਖ ਵਿੱਚ ਏਦਾਂ ਹੀ ਹੁੰਦੀ ਰਹਿਣੀ ਜਾਪਦੀ ਹੈ। ਭਾਰਤ ਵਿੱਚ ਰਹਿੰਦਾ 'ਗੰਗਾ' ਕਿਸੇ ਵੀ ਪਾਰਟੀ ਦੀ ਸਰਕਾਰ ਵਿੱਚ ਸੌਖਾ ਹੁੰਦਾ ਨਹੀਂ ਵੇਖਿਆ ਗਿਆ, ਬਲਕਿ ਸਰਕਾਰੀ ਦਫਤਰਾਂ ਤੇ ਗਲਿਆਰਿਆਂ ਵਿੱਚ ਘੰਮਣ ਵਾਲੇ ਦਲਾਲਾਂ ਦੀ ਮਰਜ਼ੀ ਹਰ ਸਰਕਾਰ ਦੌਰਾਨ ਪੁੱਗਦੀ ਰਹੀ ਅਤੇ ਦਲਾਲਾਂ ਦੇ ਲੁਕਮਾਨੀ ਨੁਸਖੇ ਵਰਤਣ ਵਾਲੇ ਚਾਲਬਾਜ਼ਾਂ ਦਾ ਬੁੱਤਾ ਸਰਦਾ ਆਇਆ ਅਤੇ ਅੱਗੋਂ ਵੀ ਸਰਦਾ ਰਹਿਣ ਦੇ ਸੰਕੇਤ ਮਿਲਦੇ ਹਨ। ਬੀਤੇ ਹਫਤੇ ਦੀਆਂ ਕੁਝ ਖਬਰਾਂ ਇਸ ਮਨਹੂਸ ਹਾਲਤ ਦੀ ਪੁਸ਼ਟੀ ਕਰਨ ਵਾਲੀਆਂ ਕਹੀਆਂ ਜਾ ਸਕਦੀਆਂ ਹਨ।

ਅੱਜ ਦੀ ਲਿਖਤ ਲਿਖਣ ਵੇਲੇ ਸਾਡੇ ਸਾਹਮਣੇ ਪੰਜਾਬ ਦੇ ਅਖਬਾਰਾਂ ਦੇ ਜਲੰਧਰ ਐਡੀਸ਼ਨਾਂ ਦੇ ਪਰਚੇ ਪਏ ਹਨ ਤੇ ਇਨ੍ਹਾਂ ਵਿੱਚੋਂ ਕਿਸੇ ਵਿੱਚ ਉਹ ਖਬਰ ਨਹੀਂ ਲੱਭੀ, ਜਿਹੜੀ ਇੱਕ ਹਿੰਦੀ ਅਖਬਾਰ ਨੇ ਆਪਣੇ ਚੰਡੀਗੜ੍ਹ ਤੇ ਹਰਿਆਣੇ ਦੇ ਪਰਚੇ ਵਿੱਚ ਛਾਪੀ ਹੈ। ਪੰਜਾਬ ਦੀਆਂ ਅਖਬਾਰਾਂ ਨੇ ਇਹ ਖਬਰ ਛਾਪੀ ਨਹੀਂ ਜਾਂ ਮੇਰੀ ਨਜ਼ਰ ਏਨੀ ਕਮਜ਼ੋਰ ਹੋ ਗਈ ਕਿ ਉਹ ਲੱਭਦੀ ਨਹੀਂ, ਜੋ ਕੁਝ ਵੀ ਹੋਵੇ, ਖਬਰ ਇਸ ਗੱਲੋਂ ਵਿਸ਼ੇਸ਼ ਹੈ ਕਿ ਇਸ ਨੇ 'ਦੇਰ ਆਇਦ, ਦਰੁਸਤ ਆਇਦ' ਦੀ ਤਸੱਲੀ ਦੇਣ ਜੋਗੀ ਕਹਾਵਤ ਝੂਠੀ ਕਰ ਦਿੱਤੀ ਹੈ। ਕਹਾਣੀ ਉਸ ਵੇਲੇ ਦੀ ਹੈ, ਜਦੋਂ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਮਗਰੋਂ ਹਰਚਰਨ ਸਿੰਘ ਬਰਾੜ ਤੇ ਬੀਬੀ ਰਾਜਿੰਦਰ ਕੌਰ ਭੱਠਲ ਦੀ ਖਿੱਚੋਤਾਣ ਚੱਲਦੀ ਸੀ। ਓਦੋਂ ਨਾਇਬ ਤਹਿਸੀਲਦਾਰ ਭਰਤੀ ਕਰਨ ਦੀ ਪ੍ਰਕਿਰਿਆ ਸ਼ੁਰੂ ਹੋਈ ਤਾਂ ਉਹ ਸਰਕਾਰ ਬਹੁਤਾ ਕੰਮ ਨਹੀਂ ਸੀ ਕਰ ਸਕੀ ਅਤੇ ਵੇਲੇ ਤੋਂ ਪਹਿਲਾਂ ਹੋਏ ਚੋਣਾਂ ਦੇ ਐਲਾਨ ਨਾਲ ਸਾਰਾ ਕੰਮ ਅੱਧ ਵਿੱਚ ਰੁਕ ਗਿਆ ਸੀ। ਫਿਰ ਉਹ ਸਾਰਾ ਕੰਮ ਅਕਾਲੀ-ਭਾਜਪਾ ਸਰਕਾਰ ਦੌਰਾਨ ਹੋਇਆ ਸੀ। ਨਾਇਬ ਤਹਿਸੀਲਦਾਰਾਂ ਦੀ ਭਰਤੀ ਦਾ ਨਤੀਜਾ ਅਕਾਲੀ-ਭਾਜਪਾ ਸਰਕਾਰ ਵੇਲੇ ਨਿਕਲਿਆ ਸੀ ਤੇ ਐਲਾਨ ਹੁੰਦੇ ਸਾਰ ਇੱਕ ਜਣੇ ਨੇ ਹਾਈ ਕੋਰਟ ਵਿੱਚ ਜਾ ਕੇ ਅਰਜ਼ੀ ਦੇ ਦਿੱਤੀ ਕਿ ਭਰਤੀ ਦੀ ਇਸ ਪ੍ਰਕਿਰਿਆ ਵਿੱਚ ਬੇਇਨਸਾਫੀ ਹੋਈ ਹੈ। ਉਸ ਨੇ ਐੱਲ ਐੱਲ ਬੀ ਕੀਤੀ ਹੋਣ ਕਾਰਨ ਉਸ ਨੂੰ ਦੋ ਨੰਬਰ ਮਿਲਣੇ ਸਨ, ਪਰ ਦਿੱਤੇ ਨਹੀਂ ਸਨ ਗਏ। ਚੌਵੀ ਸਾਲ ਉਹ ਕੇਸ ਲੜਦਾ ਰਿਹਾ ਅਤੇ ਫਿਰ ਜਿੱਤ ਗਿਆ ਜਾਂ ਜਿੱਤ ਕੇ ਵੀ ਹਾਰ ਗਿਆ ਜਾਪਦਾ ਹੈ। ਅਦਾਲਤ ਨੇ ਮੰਨ ਲਿਆ ਕਿ ਉਸ ਦਾ ਹੱਕ ਬਣਦਾ ਸੀ ਤੇ ਮਿਲਿਆ ਨਹੀਂ, ਪਰ ਕੇਸ ਏਨਾ ਲੰਮਾ ਚੱਲ ਗਿਆ ਕਿ ਨਾਜਾਇਜ਼ ਚੁਣੇ ਗਏ ਲੋਕ ਚੌਵੀ ਸਾਲ ਨੌਕਰੀ ਕਰ ਚੁੱਕਣ ਪਿੱਛੋਂ ਕੱਢ ਦੇਣੇ ਠੀਕ ਨਹੀਂ ਲੱਗਦੇ, ਇਸ ਲਈ ਉਹ ਚੋਣ ਰੱਦ ਨਹੀਂ ਹੋ ਸਕਦੀ ਅਤੇ ਪੀੜਤ ਵਿਅਕਤੀ ਨੂੰ ਪੰਜ ਲੱਖ ਰੁਪਏ ਮੁਆਵਜ਼ਾ ਦੇਣੇ ਚਾਹੀਦੇ ਹਨ। ਚੌਵੀ ਸਾਲ ਕੇਸ ਲੜ ਕੇ ਵਕੀਲਾਂ ਦੀਆਂ ਫੀਸਾਂ ਭਰੀਆਂ ਤੇ ਇਸ ਲਈ ਪਤਾ ਨਹੀਂ ਕਿੰਨੇ ਲੋਕਾਂ ਤੋਂ ਪੈਸੇ ਮੰਗਣੇ ਪਏ ਹੋਣਗੇ, ਕਿੰਨੇ ਲੱਖ ਇਸ ਵਿੱਚ ਲੱਗੇ ਹੋਣਗੇ ਅਤੇ ਨਤੀਜਾ ਬੱਸ ਇਹ ਕਿ ਉਸ ਨੂੰ ਪੰਜ ਲੱਖ ਰਪਏ ਦਾ ਮਆਵਜ਼ਾ ਦੇ ਕੇ ਅੱਖਰ ਪੰਝਣ ਜੋਗਾ ਕੰਮ ਕਰ ਦਿੱਤਾ ਜਾਵੇਗਾ। ਉਹ ਸਮਝ ਹੀ ਨਹੀਂ ਸਕਿਆ ਹੋਣਾ ਕਿ ਇਹ ਉਸ ਨੂੰ ਇਨਸਾਫ ਮਿਲਿਆ ਜਾਂ ਇੱਕ ਹੋਰ ਮਜ਼ਾਕ ਹੋ ਗਿਆ ਹੈ। ਭਾਰਤ ਦੇਸ਼ ਵਿੱਚ 'ਗੰਗਾ ਰਾਮ' ਜਾਂ 'ਗੰਗਾ ਸਿੰਘ' ਵਰਗੇ ਨਾਗਰਿਕਾਂ ਨੂੰ ਇਸ ਤੋਂ ਵੱਧ ਨਿਆਂ ਦੀ ਆਸ ਨਹੀਂ ਰੱਖਣੀ ਚਾਹੀਦੀ।

ਦੂਸਰਾ ਮਾਮਲਾ ਨਾਲ ਲੱਗਦੇ ਹਰਿਆਣੇ ਦਾ ਹੈ, ਜਿੱਥੇ ਚਾਰ ਕੁ ਸਾਲ ਪਹਿਲਾਂ ਕਲਰਕਾਂ ਦੀ ਭਰਤੀ ਹੋਈ ਤੇ ਚੁਣੇ ਜਾਣ ਵਾਲਿਆਂ ਨੂੰ ਅਗਲੇ ਸਾਲ ਨੌਕਰੀ ਵੀ ਦੇ ਦਿੱਤੀ ਗਈ ਸੀ। ਉਸ ਭਰਤੀ ਵਿੱਚ ਹੇਰਾਫੇਰੀ ਦੇ ਦੋਸ਼ ਲਾ ਕੇ ਕੁਝ ਲੋਕਾਂ ਨੇ ਹਾਈ ਕੋਰਟ ਵਿੱਚ ਅਰਜ਼ੀ ਦੇ ਦਿੱਤੀ ਤਾਂ ਪਿਛਲੇ ਸਾਲ 2022 ਵਿੱਚ ਹਾਈ ਕੋਰਟ ਦੇ ਹੁਕਮ ਉੱਤੇ ਉਸ ਭਰਤੀ ਦੀ ਸਾਰੀ ਪ੍ਰਕਿਰਿਆ ਦੀ ਪੜਤਾਲ ਹੋਈ। ਜੂਨ 2023 ਵਿੱਚ ਨਵੇਂ ਸਿਰਿਉਂ ਨਤੀਜਾ ਕੱਢਿਆ ਤਾਂ ਚੁਣੇ ਗਏ 4798 ਜਣਿਆਂ ਵਿੱਚੋਂ 900 ਗਲਤ ਭਰਤੀ ਕੀਤੇ ਸਾਬਤ ਹੋ ਗਏ। ਇਹ ਗਲਤ ਚੁਣੇ ਗਏ ਬੰਦੇ ਕੁੱਲ ਨਤੀਜੇ ਦਾ ਕਰੀਬ ਉੱਨੀ ਫੀਸਦੀ ਸਨ। ਹੁਕਮ ਹੋ ਗਿਆ ਕਿ ਇਹ ਸਾਰੇ ਕੱਢ ਦਿੱਤੇ ਜਾਣ, ਪਰ ਇੱਕ ਸਾਲ ਲੰਘ ਜਾਣ ਪਿੱਛੋਂ ਵੀ ਉਨ੍ਹਾਂ ਵਿੱਚੋਂ ਮਸਾਂ ਚਾਰ ਸੌ ਕੱਢੇ ਗਏ ਅਤੇ ਪੰਜ ਸੌ ਜਣੇ ਆਪਣੀ 'ਪਹੁੰਚ' ਕਾਰਨ ਅਜੇ ਤੱਕ ਨੌਕਰੀ ਕਰਦੇ ਰਹੇ ਹਨ। ਜਦੋਂ ਇਸ ਬਾਰੇ ਫਿਰ ਸ਼ਿਕਾਇਤ ਹੋਈ ਤਾਂ ਸਰਕਾਰ ਨੇ ਹੁਕਮ ਕੀਤਾ ਹੈ ਕਿ ਇਨ੍ਹਾਂ ਨੂੰ ਕੱਢ ਦਿਉ। ਇਨ੍ਹਾਂ ਲੋਕਾਂ ਦੀ ਨਾਜਾਇਜ਼ ਭਰਤੀ ਦੇ ਵਕਤ ਜਦੋਂ ਭਾਜਪਾ ਦੀ ਸਰਕਾਰ ਸੀ, ਹਾਈ ਕੋਰਟ ਦਾ ਹੁਕਮ ਆਉਣ ਵੇਲੇ ਵੀ ਉਹੋ ਸੀ ਅਤੇ ਪੰਜ ਸੌ ਜਣਿਆਂ ਵੱਲੋਂ ਅਦਾਲਤੀ ਹੁਕਮ ਦੀ ਉਲੰਘਣਾ ਕਰਦੇ ਰਹਿਣ ਵੇਲੇ ਵੀ ਏਹੋ ਸਰਕਾਰ ਸੀ ਤਾਂ ਅੱਗੋਂ ਬਾਰੇ ਕੋਈ ਦੱਸ ਹੀ ਨਹੀਂ ਸਕਦਾ। ਨੌਕਰੀਆਂ ਦੇ ਅਸਲ ਹੱਕਦਾਰ ਗੰਗਾ ਰਾਮ ਜਾਂ ਗੰਗਾ ਸਿੰਘ ਨਾਲ ਭਾਰਤ ਦੇ ਲਗਭਗ ਹਰ ਰਾਜ ਅਤੇ ਹਰ ਸਰਕਾਰ ਦੇ ਰਾਜ ਵਿੱਚ ਇਹੋ ਹੋਈ ਜਾਂਦਾ ਹੈ, ਉਨ੍ਹਾਂ ਵਿਚਾਰਿਆਂ ਨੂੰ ਇਨਸਾਫ ਜਾਂ ਤਾਂ ਮਿਲਦਾ ਨਹੀਂ ਜਾਂ ਮਿਲਦਾ ਹੈ ਤਾਂ ਨਾ ਮਿਲਣ ਵਰਗਾ ਹੁੰਦਾ ਹੈ।

ਤੀਸਰਾ ਕੇਸ ਓਸੇ ਹਰਿਆਣਾ ਦਾ ਅਤੇ ਓਸੇ ਸਰਕਾਰ ਚਲਾ ਰਹੀ ਪਾਰਟੀ ਦੇ ਇੱਕ ਲੀਡਰ ਵੱਲੋਂ ਭ੍ਰਿਸ਼ਟਾਚਾਰ ਦਾ ਜਾਂ ਕਹਿ ਲਓ ਕਿ ਸਿੱਧੀ ਠੱਗੀ ਮਾਰਨ ਦਾ ਹੈ। ਓਥੇ ਪੁਲਸ ਮਹਿਕਮੇ ਵਿੱਚ ਭਰਤੀ ਕਰਨੀ ਸੀ, ਰੌਲਾ ਪੈ ਗਿਆ ਕਿ ਲੱਖਾਂ ਰੁਪਏ ਦਾ ਲੈਣ-ਦੇਣ ਭਰਤੀ ਕਰਵਾਉਣ ਦੇ ਨਾਂਅ ਉੱਤੇ ਹੋਈ ਜਾਂਦਾ ਹੈ। ਬਹੁਤੀ ਵਾਰੀ ਇਹੋ ਜਿਹਾ ਰੌਲਾ ਐਵੇਂ ਫਾਲਤੂ ਅਤੇ ਆਧਾਰਹੀਣ ਕਹਿ ਕੇ ਟਾਲ ਦੇਣ ਤੋਂ ਵੱਧ ਕੁਝ ਹੁੰਦਾ ਨਹੀਂ ਦਿੱਸਦਾ, ਪਰ ਇਸ ਵਾਰੀ ਇੱਕ ਠੱਗ ਕਾਬੂ ਆ ਗਿਆ, ਜਿਹੜਾ ਆਪਣੇ ਆਪ ਨੂੰ ਉਸ ਰਾਜ ਵਿਚਲੇ ਗ੍ਰਹਿ ਮੰਤਰੀ, ਯਾਨੀ ਪੁਲਸ ਵਿਭਾਗ ਦੇ ਮੰਤਰੀ ਦਾ ਓ ਐੱਸ ਡੀ (ਆਫੀਸਰ ਆਨ ਸਪੈਸ਼ਲ ਡਿਊਟੀ) ਦੱਸਦਾ ਸੀ। ਪੜਤਾਲ ਕੀਤੀ ਗਈ ਤਾਂ ਗ੍ਰਹਿ ਮੰਤਰੀ ਨਾਲ ਉਸ ਦੀ ਇਹੋ ਜਿਹੀ ਨਿਯੁਕਤੀ ਕਦੀ ਹੋਈ ਹੀ ਨਹੀਂ ਸੀ, ਸਰਕਾਰ ਅਤੇ ਮੰਤਰੀ ਇਸ ਰੌਲੇ ਵਿੱਚੋਂ ਪਾਸੇ ਰਹਿ ਗਏ, ਪਰ ਉਨ੍ਹਾਂ ਦੀ ਪਾਰਟੀ ਇਸ ਦੋਸ਼ ਤੋਂ ਬਚ ਨਹੀਂ ਸਕਦੀ, ਕਿਉਂਕਿ ਉਹ ਠੱਗ ਓਥੇ ਰਾਜ ਕਰਦੀ ਭਾਰਤੀ ਜਨਤਾ ਪਾਰਟੀ ਦਾ ਬਲਾਕ ਪ੍ਰਧਾਨ ਹੈ ਅਤੇ ਉਸ ਕੋਲ ਇਸ ਅਹੁਦੇ ਦਾ ਇੱਕ ਬਾਕਾਇਦਾ ਨਿਯੁਕਤੀ ਪੱਤਰ ਸੁਣੀਂਦਾ ਹੈ। ਸਤਾਈ ਲੱਖ ਰੁਪਏ ਠੱਗੀ ਮਾਰ ਚੁੱਕੇ ਇਸ ਭਾਜਪਾ ਆਗੂ ਨੇ ਜਿਨ੍ਹਾਂ ਗੰਗਾ ਰਾਮਾਂ ਅਤੇ ਗੰਗਾ ਸਿੰਘਾਂ ਨੂੰ ਲੁੱਟਿਆ ਹੈ, ਉਨ੍ਹਾਂ ਦੇ ਪੈਸੇ ਮੁੜ ਆਉਣਗੇ, ਇਸ ਦੀ ਆਸ ਨਹੀਂ।

ਚੌਥਾ ਕੇਸ ਫਿਰ ਸਾਡੇ ਪੰਜਾਬ ਦਾ ਹੈ। ਆਮ ਆਦਮੀ ਪਾਰਟੀ ਦੇ ਰਾਜ ਵਿੱਚ ਭ੍ਰਿਸ਼ਟਾਚਾਰ ਦੇ ਵਿਰੁੱਧ ਕਾਰਵਾਈ ਹੋਈ ਜਾਂ ਨਹੀਂ ਜਾਂ ਫਿਰ ਅੱਧੀ-ਅਧੂਰੀ ਹੋਈ ਹੈ, ਇਹ ਵੱਖਰਾ ਮਾਮਲਾ ਹੈ, ਇਸ ਕਾਰਵਾਈ ਦੀ ਚਰਚਾ ਛਿੜ ਜਾਣ ਪਿੱਛੋਂ ਕਈ ਸਾਬਕਾ ਮੰਤਰੀ ਅਤੇ ਚੋਰ ਜਿਹੇ ਹੋਰ ਲੀਡਰ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋਈ ਜਾਂਦੇ ਸਨ। ਹੁਸ਼ਿਆਰਪੁਰ ਦਾ ਸਾਬਕਾ ਕਾਂਗਰਸੀ ਮੰਤਰੀ ਸੁੰਦਰ ਸ਼ਾਮ ਅਰੋੜਾ ਵੀ ਭਾਜਪਾ ਵਿੱਚ ਚਲਾ ਗਿਆ, ਜਿਹੜਾ ਬਾਅਦ ਵਿੱਚ ਭ੍ਰਿਸ਼ਟਾਚਾਰ ਦੇ ਕੇਸ ਤੋਂ ਖਹਿੜਾ ਛੁਡਾਉਣ ਲਈ ਇੱਕ ਵਿਜੀਲੈਂਸ ਅਧਿਕਾਰੀ ਨਾਲ ਇੱਕ ਕਰੋੜ ਰੁਪਏ ਦਾ ਸੌਦਾ ਮਾਰਦਾ ਤੇ ਪੰਜਾਹ ਲੱਖ ਰੁਪਏ ਨਕਦ ਦੇਂਦਾ ਫੜਿਆ ਗਿਆ ਸੀ। ਏਦਾਂ ਦੇ ਕਈ ਭ੍ਰਿਸ਼ਟਾਚਾਰੀ ਅਤੇ ਅਪਰਾਧਕ ਕੇਸਾਂ ਵਿੱਚ ਫਸੇ ਹੋਏ ਲੋਕ ਭਾਜਪਾ ਵਿੱਚ ਸ਼ਾਮਲ ਹੋਈ ਜਾ ਰਹੇ ਸਨ। ਏਸੇ ਤਰ੍ਹਾਂ ਪੰਜਾਬ ਯੂਥ ਕਾਂਗਰਸ ਦਾ ਮੀਤ ਪ੍ਰਧਾਨ ਵੀ ਭਾਜਪਾ ਵਿੱਚ ਸ਼ਾਮਲ ਹੋ ਗਿਆ ਅਤੇ ਸ਼ਾਮ ਤੱਕ ਇਹ ਖਬਰ ਆ ਗਈ ਕਿ ਇਸ ਵਿਅਕਤੀ ਵਿਰੁੱਧ ਕਿਸੇ ਨੂੰ ਅਗਵਾ ਕਰਨ ਤੇ ਆਪਣੇ ਵਰਗੀ ਦਲ-ਬਦਲੂ ਲੀਡਰ ਦੇ ਘਰ ਬੰਦੀ ਬਣਾਈ ਰੱਖਣ ਪਿੱਛੋਂ ਫਿਰੌਤੀ ਲੈਣ ਦਾ ਪਰਚਾ ਦਰਜ ਹੈ। ਉਸ ਨੂੰ ਆਪਣੀ ਗਰਦਨ ਫਸਦੀ ਨਜ਼ਰ ਆਈ ਤਾਂ ਭਾਜਪਾ ਵਿੱਚ ਸ਼ਾਮਲ ਹੋ ਗਿਆ ਹੈ, ਉਸੇ ਭਾਜਪਾ ਵਿੱਚ ਜਿਹੜੀ ਉਹਦੇ ਵਰਗੇ ਕਿਰਦਾਰਾਂ ਲਈ ਅੱਜਕੱਲ੍ਹ ਪੱਕੀ ਠਾਹਰ ਮੰਨੀ ਜਾ ਰਹੀ ਹੈ। ਜਦੋਂ ਦੇਸ਼ ਦੀ ਕਮਾਨ ਸੰਭਾਲਣ ਵਾਲੀ ਪਾਰਟੀ ਅੰਦਰ ਏਦਾਂ ਦੇ ਲੋਕ ਸ਼ਾਮਲ ਹੋਣ ਲਈ ਕਤਾਰ ਵਿੱਚ ਖੜੇ ਦਿੱਸਦੇ ਹਨ ਤਾਂ ਗੰਗਾ ਰਾਮ ਅਤੇ ਗੰਗਾ ਸਿੰਘ ਕਿਸ ਸਰਕਾਰ ਤੋਂ ਅ

ਾਸ ਰੱਖ ਸਕਦੇ ਹਨ!

ਅਸੀਂ ਉਨ੍ਹਾਂ ਲੋਕਾਂ ਵਿੱਚੋਂ ਹਾਂ, ਜਿਨ੍ਹਾਂ ਨੇ ਚੜ੍ਹਦੀ ਉਮਰ ਵਿੱਚ ਉਹ ਦਿਨ ਵੇਖੇ ਸਨ, ਜਦੋਂ ਜਨਤਾ ਪਾਰਟੀ ਛੱਡ ਕੇ ਭਾਰਤੀ ਜਨਤਾ ਪਾਰਟੀ ਬਣਾਈ ਗਈ ਸੀ ਅਤੇ ਅਟਲ ਬਿਹਾਰੀ ਵਾਜਪਾਈ ਅਤੇ ਲਾਲ ਕ੍ਰਿਸ਼ਨ ਅਡਵਾਨੀ ਵਰਗੇ ਆਗੂਆਂ ਨੂੰ ਇਹ ਕਹਿੰਦੇ ਸੁਣਿਆ ਸੀ ਕਿ ਇਸ ਨਵੀਂ ਪਾਰਟੀ ਦਾ 'ਚਾਲ, ਚਰਿੱਤਰ ਤੇ ਚਿਹਰਾ' ਵੱਖਰਾ ਨਿਆਰਾ ਹੋਵੇਗਾ। ਭਾਰਤ ਦੇ ਲੋਕਾਂ ਦਾ ਵੱਡਾ ਹਿੱਸਾ ਏਦਾਂ ਦੀਆਂ ਗੱਲਾਂ ਦਾ ਅਸਰ ਓਦੋਂ ਨਾ ਸਹੀ, ਹੌਲੀ-ਹੌਲੀ ਮਨ ਵਿੱਚ ਵਸਾਉਣ ਕਾਰਨ ਭਾਜਪਾ ਦੇ ਪਿੱਛੇ ਕਤਾਰਬੱਧ ਹੁੰਦਾ ਗਿਆ ਤੇ ਜਦੋਂ ਇਸ ਪਾਰਟੀ ਦੀ ਸਰਕਾਰ ਬਣੀ ਤਾਂ ਜਿਸ ਵੀ ਪਾਰਟੀ ਵਿੱਚ ਜਿਹੜਾ ਵੀ ਪੈਸੇ ਵਾਲਾ, ਹੈਸੀਅਤ ਵਾਲਾ ਜਾਂ ਨਾਮਣੇ ਵਾਲਾ ਵਿਅਕਤੀ ਹੋਵੇ, ਉਸ ਲਈ ਦਰ ਖੋਲ੍ਹ ਦਿੱਤੇ। ਨਾਮਣੇ ਵਾਲਾ ਬੇਸ਼ੱਕ ਅਪਰਾਧੀ ਕਿਰਦਾਰ ਕਾਰਨ ਹੋਵੇ, ਕੋਈ ਫਰਕ ਨਹੀਂ ਮੰਨਿਆ ਗਿਆ। ਇੱਕ ਮੁਹਾਵਰਾ ਵੀ ਹੈ ਕਿ 'ਹੋਂਗੇ ਗਰ ਬਦਨਾਮ ਤੋਂ ਕਿਆ ਨਾਮ ਨਾ ਹੋਗਾ' ਇਸ ਲਈ ਹਰ ਰੰਗ ਦੇ ਮਾੜੇ-ਚੰਗੇ ਬੰਦੇ ਇਸ ਵਿੱਚ ਭਰਦੇ ਗਏ ਅਤੇ ਭਰਦੇ ਜਾਂਦੇ ਹਨ। ਨਤੀਜੇ ਵਜੋਂ ਇਹ ਪਾਰਟੀ ਕਿੱਦਾਂ ਦਾ 'ਵੱਖਰਾ-ਨਿਆਰਾ' ਕਿਰਦਾਰ ਪੇਸ਼ ਕਰਦੀ ਹੈ, ਇਸ ਦੀ ਝਲਕ ਪਾਰਲੀਮੈਂਟ ਦੇ ਵਿਸ਼ੇਸ਼ ਸੈਸ਼ਨ ਵਿੱਚ ਲੋਕ ਸਭਾ ਮੈਂਬਰ ਅਤੇ ਭਾਜਪਾ ਲੀਡਰ ਰਮੇਸ਼ ਵਿਧੂੜੀ ਨੇ ਵਿਖਾ ਦਿੱਤੀ ਹੈ। ਉਸ ਨੇ ਵਿਰੋਧੀ ਧਿਰ ਦੇ ਇੱਕ ਮੈਂਬਰ ਵਾਸਤੇ ਜਿਹੜੇ ਘਟੀਆ ਪੱਧਰ ਦੇ ਗਾਲ੍ਹਾਂ ਵਰਗੇ ਸ਼ਬਦਾਂ ਦੀ ਵਰਤੋਂ ਕੀਤੀ ਹੈ ਅਤੇ ਜਿਹੜੇ ਸ਼ਬਦ ਸੁਣਨ ਮਗਰੋਂ ਉਸ ਨੂੰ ਖੜੇ ਪੈਰ ਝਾੜਨ-ਝਿੜਕਣ ਦੀ ਥਾਂ ਭਾਜਪਾ ਦੇ ਵੱਡੇ ਲੀਡਰ ਹੱਸਦੇ ਨਜ਼ਰ ਆਉਂਦੇ ਸਨ, ਉਸ ਨਾਲ ਇਸ ਦੇਸ਼ ਦੀ ਆਮ ਜਨਤਾ ਸ਼ਰਮ ਮਹਿਸੂਸ ਕਰਦੀ ਹੈ। ਚੁਫੇਰੇ ਦੁਹਾਈ ਪੈਣ ਮਗਰੋਂ ਭਾਜਪਾ ਲੀਡਰਸ਼ਿਪ ਨੇ ਉਸ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਹੈ, ਪਰ ਇਸ ਤੋਂ ਵੱਧ ਸਖਤ ਕਾਰਵਾਈ ਹੋਣ ਦੀ ਬਹੁਤੀ ਆਸ ਨਹੀਂ। ਪਹਿਲਾਂ ਵੀ ਕਈ ਵਾਰੀ ਇਹੋ ਜਿਹੇ ਸ਼ਬਦ ਭਾਜਪਾ ਦੇ ਕਈ ਆਗੂ ਬੋਲਦੇ ਰਹੇ ਸਨ, ਪਰ ਗੱਲ ਆਈ-ਗਈ ਹੋ ਜਾਂਦੀ ਰਹੀ ਹੈ। ਇੱਕ ਕੇਂਦਰੀ ਮੰਤਰੀ ਬੀਬੀ, ਜਿਹੜੀ ਇੱਕ ਡੇਰੇ ਦੀ ਸੰਤਣੀ ਵੀ ਹੈ, ਨੇ ਇੱਕ ਵਾਰੀ ਦਿੱਲੀ ਵਿੱਚ ਇੱਕ ਰਾਜਸੀ ਜਲਸੇ ਦੌਰਾਨ ਬਹੁਤ ਭੱਦੀ ਗਾਲ੍ਹ ਕੱਢ ਦਿੱਤੀ ਸੀ, ਪਾਰਲੀਮੈਂਟ ਵਿੱਚ ਹੰਗਾਮਾ ਮਚਣ ਤੱਕ ਭਾਜਪਾ ਲੀਡਰਸ਼ਿਪ ਨੇ ਉਸ ਦੇ ਖਿਲਾਫ ਕੋਈ ਕਾਰਵਾਈ ਕਰਨ ਦੀ ਲੋੜ ਨਹੀਂ ਸੀ ਸਮਝੀ ਅਤੇ ਫਿਰ ਉਸ ਕੋਲੋਂ ਮੁਆਫੀ ਮੰਗਵਾ ਕੇ ਗੱਲ ਠੱਪ ਕਰ ਦਿੱਤੀ ਸੀ। ਰਮੇਸ਼ ਵਿਧੂੜੀ ਦੇ ਮਾਮਲੇ ਵਿੱਚ ਵੀ ਗੋਂਗਲਆਂ ਤੋਂ ਮਿੱਟੀ ਝਾੜਨ ਵਰਗਾ ਕੁਝ ਕਰ ਕੇ ਗੱਲ ਠੱਪੀ ਜਾ ਸਕਦੀ ਹੈ, ਕਿਉਂਕਿ ਜੇ ਵਿਧੂੜੀ ਦੇ ਖਿਲਾਫ ਕਾਰਵਾਈ

24-Sep-Sunday.qxd 9/23/2023 9:54 PM Page 4

ਸਬਾਲਟਰਨ ਸੰਵੇਦਨਾ ਦੀ ਕਥਾਕਾਰੀ

ਕੁਇਨਜ਼ ਲੈਂਡ
(ਕਹਾਣੀ ਸੰਗ੍ਰਹਿ)
ਆਗਾਜਬੀਰ
ਪੰਨੇ-96, ਮੁੱਲ-200 ਰੁਪਏ
ਚੇਤਨਾ ਪ੍ਰਕਾਸ਼ਨ, ਲੁਧਿਆਣਾ



ਕਿਤਾਬ ਦੀ

ਪਰਖ ਪੜਚੋਲ

ਡਾ. ਚੰਦਰ ਪ੍ਰਕਾਸ਼

ਉੱਤਰ-ਆਧੁਨਿਕ ਚਿੰਤਨ ਨੇ ਦਮਿਤ, ਦਲਿਤ, ਅਛੂਤ, ਅਣਹੋਏ, ਬੇਪਛਾਣੇ, ਪੀੜਤ, ਦਾਬੂ, ਅਣਗੌਲੇ ਆਦਿ ਵਰਗਾਂ ਨੂੰ 'ਸਬਾਲਟਰਨ ਸਟੱਡੀਜ਼' ਅਧੀਨ ਧਿਆਨ ਵਿੱਚ ਲਿਆਂਦਾ। ਅਜਿਹੇ ਚਿੰਤਨ ਨਾਲ 'ਖਾਮੋਸ਼' ਜ਼ੁਬਾਨ ਨੂੰ 'ਬੋਲਣ' ਦੇ ਮੌਕੇ ਮਿਲਣ ਲੱਗੇ। ਪੰਜਾਬੀ ਸਾਹਿਤ ਸਿਧਾਂਤ ਵੀ ਇਸ ਚਰਚਾ ਦਾ ਹਿੱਸਾ ਬਣਦਾ ਹੈ। ਇਉਂ ਅਜਿਹੇ ਵਰਗਾਂ ਲਈ ਸਾਂਝੇ ਰੂਪ ਵਿੱਚ 'ਹਾਸ਼ੀਆਗਤ' ਸ਼ਬਦ ਪ੍ਰਯੋਗ ਕਰ ਲਿਆ ਜਾਂਦਾ ਹੈ, ਜਦੋਂ ਕਿ ਇਨ੍ਹਾਂ ਸ਼ਬਦਾਂ/ਸੰਕਲਪਾਂ ਦੀਆਂ ਆਪਣੀਆਂ 'ਸੇਡਜ਼' ਵੀ ਹਨ।

ਸਮਾਜਕ ਸੰਰਚਨਾ ਵਿੱਚ ਵਿਸ਼ੇਸ਼ ਵਰਗ/ ਸਥਾਪਤੀ ਪ੍ਰਬੰਧ ਵੱਲੋਂ ਨੀਵੇਂ ਨੂੰ ਦਾਬੂ ਕਰਨ ਦੀ ਰਵਾਇਤ ਬੜੀ ਪੁਰਾਣੀ ਹੈ। ਇਸ ਹੋਣੀ ਵਿੱਚ ਸ਼ੋਸ਼ਣ ਦੀਆਂ ਕਈ ਜੁਗਤਾਂ ਸ਼ਸਤਰ (ਸ਼ਕਤੀ) ਅਤੇ ਸ਼ਾਸਤਰ (ਨੀਤੀ) ਪੱਧਰ 'ਤੇ ਵਿਆਪਕ ਰਹੀਆਂ ਹਨ। ਹਾਕਮ ਜਮਾਤ ਦੀ ਧੌਂਸ-ਤਕਨੀਕ ਹੇਠ ਜੀਵਨ ਦੇ ਹਰ ਖੇਤਰ ਵਿੱਚ ਪ੍ਰਵੇਸ਼ ਕੀਤਾ ਜਾਂਦਾ ਹੈ। ਪ੍ਰਵੇਸ਼ ਦਾ ਮੁੱਖ ਮਨੋਰਥ ਪੂੰਜੀ/ ਨਿੱਜੀ ਮੁਫਾਦ ਨਾਲ ਜੁੜਿਆ ਹੁੰਦਾ ਹੈ। ਸਥਿਤੀ ਦੀ ਵਿਡੰਬਨਾ ਇਹ ਵੀ ਹੈ ਕਿ ਮਨੋਰਥ ਪੂਰਤੀ ਲਈ ਅਣਗੌਲੇ ਵਰਗ ਦਾ ਵੀ ਸਹਾਰਾ ਲਿਆ ਜਾਂਦਾ ਹੈ। ਮਨੋਰਥ ਸਿੱਧੀ ਉਪਰੰਤ ਇਨ੍ਹਾਂ ਨੂੰ ਬੇਦਖਲ/ ਬੇਪਛਾਣ ਕਰ ਦਿੱਤਾ ਜਾਂਦਾ ਹੈ। ਉਦਾਹਰਣ ਵਜੋਂ ਇਮਾਰਤਸਾਜ਼ੀ ਦੀ ਨਿਰਮਾਣਕਾਰੀ ਵਿੱਚ 'ਮਜ਼ਦੂਰ' ਵੱਡਾ 'ਸਾਧਨ' ਬਣਦਾ ਹੈ, ਲੇਕਿਨ ਕਾਰਜ ਸਮਾਪਤੀ ਬਾਅਦ ਉਸ ਦੀ ਪਛਾਣ ਗਾਇਬ ਹੋ ਜਾਂ ਕਰ ਦਿੱਤੀ ਜਾਂਦੀ ਹੈ। ਪੂੰਜੀਪਤੀ ਵਰਗ ਦੀ ਸਮਾਜਕ, ਸੱਭਿਆਚਾਰਕ, ਆਰਥਕ, ਰਾਜਸੀ ਹਿੱਤ-ਪੂਰਤੀ ਵਿੱਚ ਵੱਡਾ ਹਿੱਸਾ 'ਬੇਪਛਾਣ' ਲੋਕਾਂ ਦਾ ਹੀ ਹੁੰਦਾ ਹੈ।

ਜੀਵਨ ਪ੍ਰਬੰਧ ਵਿੱਚ 'ਸਮਾਜਕ ਦੁਵੰਡ' ਨਾਲ ਹੀ ਅਸਾਵੇਂਪਣ ਦਾ ਮਾਹੌਲ ਪਨਪਦਾ ਹੈ। ਸਾਹਿਤ-ਸਿਰਜਕ/ ਚਿੰਤਕ ਦੀ ਸੰਵੇਦਨਸ਼ੀਲਤਾ ਅਸਾਵੇਂਪਣ ਨੂੰ ਕੇਂਦਰ ਵਿੱਚ ਲਿਆਉਣ ਲਈ ਹਰ ਯਥਾਯੋਗ ਸੰਭਵ ਯਤਨ ਕਰਦੀ ਹੈ। ਸਮਕਾਲੀ ਦੌਰ ਵਿੱਚ ਸਬਾਲਟਰਨ ਸੰਵੇਦਨਾਵਾਂ ਦਾ ਪ੍ਰਤੀਰੋਧਕ ਪ੍ਰਵਚਨ ਨਵੇਂ ਮਾਧਿਅਮਾਂ ਰਾਹੀਂ ਸਾਹਮਣੇ ਆਉਂਦਾ ਹੈ। ਸਾਹਿਤਕਾਰ ਆਪਣੇ ਜਾਤੀਗਤ ਭਾਵਾਂ ਨੂੰ ਵਿਭਿੰਨ ਸਾਹਿਤ ਵਿਧਾਵਾਂ ਰਾਹੀਂ ਪ੍ਰਗਟਾਉਂਦੇ ਹਨ ਤਾਂ ਜਾਤੀਗਤ ਬਨਾਮ ਗੈਰ-ਜਾਤੀ ਸਾਹਿਤਕਾਰ ਦਾ ਸਵਾਲ ਵੀ ਉਦੈ ਹੁੰਦਾ ਹੈ। ਨਾਰੀ ਭਾਵਾਂ ਦੀ ਪ੍ਰਸਤੁਤੀ ਵੇਲੇ ਨਾਰੀ ਬਨਾਮ ਪੁਰਸ਼ ਲੇਖਕ, ਦਲਿਤ ਬਨਾਮ ਦਲਿਤ ਆਦਿ-ਆਦਿ ਮਸਲੇ ਵੀ 'ਸਬਾਲਟਰਨ ਪੜ੍ਹਾਈ' ਅਧੀਨ ਵਿਚਾਰੇ ਜਾਣੇ ਸ਼ੁਰੂ ਹੋਏ। ਇਉਂ ਲੋੜੀਂਦੀ ਪ੍ਰਤੀਨਿਧਤਾ ਮਿਲਣ ਨਾਲ ਸਾਹਿਤ/ ਸੰਗੀਤ/ ਕਲਾ/ ਸੱਭਿਆਚਾਰ ਵਿੱਚ ਪੁਨਰ-ਚਿੰਤਨ ਦੀ ਲੋੜ ਮਹਿਸੂਸ ਕੀਤੀ ਜਾਣ ਲੱਗੀ ਹੈ। ਜਾਤੀ ਦੇ ਨਾਲ-ਨਾਲ 'ਜਮਾਤੀ-ਵੰਡ' ਬਾਰੇ ਬੜਾ ਕੁਝ ਨਵਾਂ ਜਾਣਨ ਦੇ ਮੌਕੇ ਮਿਲਣ ਲੱਗੇ ਹਨ।

ਪੰਜਾਬੀ ਕਹਾਣੀ ਆਪਣੇ ਆਰੰਭਕ ਸਫਰ ਤੋਂ ਹੀ ਲੋਕ-ਮੁਖੀ ਭੂਮਿਕਾ ਨਿਭਾਉਂਦੀ ਨਜ਼ਰ ਆ ਰਹੀ ਹੈ। ਬਸਤੀਵਾਦੀ ਹਕੂਮਤ ਦੀਆਂ ਗੈਰ-ਮਾਨਵੀ ਹਰਕਤਾਂ ਉੱਪਰ ਕਟਾਖਸ਼ ਕਰਦੀ ਹੈ। ਮੁੱਢਲੇ ਕਹਾਣੀਕਾਰ 'ਸਾਧਾਰਨ ਮਨੁੱਖ ਦੀ ਸਾਧਾਰਨਤਾ' ਨੂੰ ਪੇਸ਼ ਕਰਦੇ ਹਨ। ਬੀਤੇ ਦਿਨੀਂ ਬਲੀਜੀਤ ਦੀ ਕਹਾਣੀ 'ਨੂਣ' (ਖੱਲ ਲਾਉਣ ਵਾਲੇ) ਨੇ ਨਾਮਣਾ ਖੱਟਿਆ ਹੈ। ਦਰਸ਼ਨ ਜੋਗਾ ਦੀਆਂ ਕਹਾਣੀਆਂ ਵਿੱਚ 'ਉਤਲਾ ਪੱਟ' (ਘਰੇਲੂ ਨੌਕਰਾਣੀ), 'ਸ਼ੁਕਰ ਐ' (ਦਾਈ) ਸ਼ਾਨਦਾਰ ਮਿਸਾਲ ਹਨ। ਖਾਲਿਦ ਫਰਹਾਦ ਧਾਰੀਵਾਲ ਦੀ ਕਹਾਣੀ 'ਇੱਕ ਖਾਲੀ ਖੂਲੀ ਬੰਦਾ' (ਧਰਮ ਪਰਿਵਰਤਨ ਕਾਰਣ ਪਾਗਲਪਨ) ਬੰਦੇ ਨੂੰ ਸੁੰਨ ਕਰਕੇ ਰੱਖ ਦਿੰਦੀ ਹੈ। ਕਿੰਨਰਾਂ ਬਾਰੇ ਬੜਾ ਕੁਝ ਛਪਿਆ ਹੈ। ਹੋਰ ਉਦਾਹਰਣਾਂ ਨਾਲ ਵਰਕੇ ਭਰੇ ਜਾ ਸਕਦੇ ਹਨ, ਪਰ ਦੂਜੇ ਬੰਨੇ ਵਿਸ਼ੇਸ਼ ਪ੍ਰੋਜੈਕਟ ਅਧੀਨ ਅਣਗੌਲਿਆਂ ਬਾਰੇ ਲਿਖੇ ਜਾਣ ਦੀ ਰੁਚੀ ਕਾਰਨ ਵਿਧਾਗਤ ਢਾਂਚੇ ਨੂੰ ਢਾਹ ਲੱਗਣ ਦੀ ਵੀ ਸੰਭਾਵਨਾ ਬਣੀ ਰਹਿੰਦੀ ਹੈ। ਅਨੁਵਾਦਤ ਸਾਹਿਤ ਤੋਂ ਉਧਰਿਤ/ ਪ੍ਰਭਾਵਤ ਰਚਨਾਵਾਂ ਵੀ ਸਾਹਮਣੇ ਆ ਰਹੀਆਂ ਹਨ।

ਆਗਾਜਬੀਰ ਦੇ ਪਲੇਠੇ ਕਹਾਣੀ ਸੰਗ੍ਰਹਿ 'ਕੁਇਨਜ਼ ਲੈਂਡ' ਵਿੱਚ ਸ਼ਾਮਲ ਦਸ ਕਹਾਣੀਆਂ ਵੱਖ-ਵੱਖ ਧਿਰਾਂ ਦੀਆਂ ਸੰਵੇਦਨਾਵਾਂ ਪੇਸ਼ ਕਰਦੀਆਂ ਹਨ, ਜਿਵੇਂ:

ਸਫਾਈ ਵਰਕਰ ਦੀ ਮਾਨਸਿਕ ਪੀੜ :ਤੇਈਆ

ਅਕਾਖਿਆਵਾਂ/ਇੱਛਾਵਾਂ ਦੀ ਪੂਰਤੀ ਵਿੱਚ ਜਦ ਜਾਤ/ ਪੇਸ਼ਾ ਅੜਿੱਕਾ ਬਣਦਾ ਹੈ ਤਾਂ ਮਾਨਸਿਕ ਪੀੜ 'ਚੋਂ ਗੁਜ਼ਰਨਾ ਸੁਭਾਵਕ ਹੈ। ਪੜ੍ਹ-ਲਿਖ ਕੇ ਅਫਸਰ ਬਣਨ ਦੀ ਲੋਚਾ ਰੱਖਣ ਵਾਲੇ ਮੈਂ ਪਾਤਰ ਦਾ ਪਿਤਾ-ਪੁਰਖੀ ਕਿੱਤੇ ਕੂੜਾ ਚੁੱਕਣ ਲਈ ਮਜਬੂਰ ਹੋਣਾ, ਠੇਕੇਦਾਰ ਦੀ ਖਰ੍ਹਵੀਂ ਆਵਾਜ਼, ਬਾਪੂ ਦੀ ਮੌਤ, ਡੌਲੀ ਦੀ ਚੁੰਬਕੀ ਖਿੱਚ, ਦਲਬੀਰ ਦੇ ਕੌੜੇ ਬੋਲ ਆਦਿ-ਆਦਿ ਸਥਿਤੀਆਂ ਉਸ ਨੂੰ ਅਸਹਿਜ ਕਰਦੀਆਂ ਹਨ: 'ਸਾਲੇ ਚਾਂਭਲਗੇ ਕੁੱਤੀ ਜਾਤ ਕਿਸੇ ਥਾਂ ਦੇ। ਨਾਲੇ ਜਾਣਦਾ ਪਤੰਦਰ ਨੂੰ ਮੈਂ ਕਿਵੇਂ ਤੇਰੇ ਬਾਪੂ ਨੂੰ ਕਢਵਾਤਾ ਸੀ ਨਾ ਨੌਕਰੀਓਂ, ਤੇਰਾ ਵੀ ਕੰਡਾ ਕੱਢਣਾ ਪਊ।' ਸਥਾਨਕ ਰਾਜਸੀ ਨੇਤਾ ਵੱਲੋਂ ਡੇਢ ਸੌ ਘਰਾਂ ਦਾ ਦਸ ਕੁਇੰਟਲ ਕੂੜਾ ਚੁੱਕਣ ਵਾਲੇ ਨੂੰ ਜ਼ਲੀਲ ਕਰਨਾ; 'ਆਤਮਾ' ਨੂੰ ਸੱਟ ਮਾਰਨਾ ਹੈ। ਹਾਕਮ ਜਮਾਤ ਆਪਣੀ ਵਿਚਾਰਧਾਰਕ ਪਹੁੰਚ ਨੂੰ ਦੱਬੇ-ਕੁੱਚਲੇ ਲੋਕਾਂ ਉਪਰ 'ਦਾਬੇ' ਨਾਲ ਲਾਗੂ ਕਰਦੀ ਹੈ। ਇਸ ਸੋਚੀ-ਸਮਝੀ ਤਕਨੀਕ ਨਾਲ ਸਫਾਈ ਵਰਕਰ ਤੋਂ ਮਾਫੀ ਮੰਗਵਾਈ ਜਾਂਦੀ ਹੈ। ਡਰ-ਭੈਅ ਕਾਰਣ ਫਾਲਤੂ ਕੂੜਾ ਚੁੱਕਣ ਲਈ ਵੀ ਹਾਮੀ ਭਰਨੀ ਪੈਂਦੀ ਹੈ। ਇਹ ਵੱਡੀ ਤ੍ਰਾਸਦੀ ਹੈ। ਕਹਾਣੀ ਤ੍ਰਿਸਕਾਰਤ ਪਾਤਰ ਦੇ ਮਾਨਸਿਕ ਵਾਵਰੋਲਿਆਂ ਨੂੰ ਵੀ ਉਭਾਰਦੀ ਹੈ।

ਕੂੜਾ ਚੁੱਕਣ ਵੇਲੇ ਵਿਭਿੰਨ ਕਿਰਦਾਰਾਂ ਦੇ 'ਲੁਪਤ' ਭੇਦਾਂ ਨੂੰ 'ਜ਼ਾਹਰ' ਕਰਨਾ ਕਹਾਣੀ ਦੀ ਵਿਸ਼ੇਸ਼ ਪ੍ਰਾਪਤੀ ਆਖੀ ਜਾ ਸਕਦੀ ਹੈ। ਗਲੀ ਨੰਬਰ ਸੱਤ ਦੇ ਸਤਿਅਮ ਨਰੈਣ ਘਰੋਂ ਮਿਲੇ ਕੂੜੇ 'ਚੋਂ 'ਪੈਰੇਗਨੈਂਸੀ ਕਿੱਟ' ਰਾਹੀਂ 'ਦੂਸਰੀ ਕੁੜੀ ਦੇ ਡਸਟਬਿਨ 'ਚ ਹੋਣ ਦਾ ਅਨੁਮਾਨ' ਲਗਾਉਣਾ; ਬਚਨ ਸਿੰਘ ਦੀ ਜਾਤ-ਔਕਾਤ, ਮਿਸਿਜ਼ ਅਰੋੜਾ ਦਾ ਸੂਮਪੁਣਾ, ਮੰਗਲਾ ਦਾ ਰੰਗਲਾ ਬੰਗਲਾ, ਪ੍ਰਤਾਪ ਨਗਰ ਦੇ ਪਰਤਾਪ ਦੇ ਅੜੀਅਲ ਸੁਭਾਅ ਨੂੰ ਜਾਣਨ ਦੇ ਨਾਲ-ਨਾਲ ਏ ਟੀ ਐੱਮ, ਪ੍ਰੇਮ-ਪੱਤਰ ਦੇ ਕਾਗਜ਼ੀ ਟੁਕੜਿਆਂ 'ਚੋਂ ਉਨ੍ਹਾਂ ਦੇ ਜੀਵਨ ਪ੍ਰਸੰਗ ਨੂੰ ਸਮਝਣਾ, ਉਸ ਦੀ ਖੋਜੀ ਬਿਰਤੀ ਦਾ ਪ੍ਰਮਾਣ ਬਣਦਾ ਹੈ। ਯਾਰਾਂ ਦੀ ਜੁੰਡਲੀ ਵਿੱਚੋਂ ਸਿੱਧੇ ਦਾਅ-ਪੇਚ ਹੀ ਡੌਲੀ ਨਾਲ ਨਜ਼ਦੀਕੀ ਬਣਾਉਂਦੇ ਹਨ। ਇਤਰ-ਫੁਲੇਲ ਲਗਾ ਆਪਣੇ ਅੰਦਰੋਂ-ਬਾਹਰੋਂ ਸਾਰਾ ਮੁਸ਼ਕ ਤੇ ਬੋਅ ਬਾਹਰ ਕੱਢ ਡੌਲੀ ਦੇ ਘਰ ਦਾਖਲ ਹੁੰਦਾ ਹੈ, ਉਸ ਦੀਆਂ ਬਾਹਾਂ ਨੂੰ ਹੱਥਾਂ ਨਾਲ ਘੁੱਟਦਾ ਹੈ। ਉਸ ਤੋਂ ਅੱਗੇ ਕਹਾਣੀ ਅਜਿਹੇ ਸੰਵਾਦ ਨਾਲ ਸਮਾਪਤ ਹੁੰਦੀ ਹੈ : ਮੇਰੇ ਤੇ ਉਸ ਵਿਚਕਾਰ ਚਾਰ ਕੁ ਗਿੱਠਾਂ ਦਾ ਫਾਸਲਾ ਸੀ। ਤਦ ਨਸਾਂ ਨੂੰ ਚੜ੍ਹੀ ਅਜੀਬ ਜਿਹੀ ਗੰਧਕ ਤੇ ਸੜਿਹਾਂਦ ਮੈਨੂੰ ਵਿਚਲਿਤ ਕਰਨ ਲੱਗੀ। ਇਹ ਬੋਅ ਕੂੜੇ ਤੋਂ ਵੱਖਰੀ ਸੀ, ਜਿਸ ਕਰਕੇ ਮੇਰੀ ਰੂਹ ਛਲਣੀ ਹੋ ਗਈ, ਦਮ ਘੁੱਟਣ ਲੱਗਿਆ। ਘਬਰਾਹਟ ਨੇ ਪੈਰ ਪਾਸਾਰ ਲਏ। ਮੇਰਾ ਉੱਥੇ ਖੜਨਾ ਮੁਹਾਲ ਹੋ ਗਿਆ ਤੇ ਵਧਦੇ ਕਦਮ ਘਰ ਵੱਲ ਵਾਪਸ ਮੋੜ ਲਏ। ਇਸ ਮਨੋਸਥਿਤੀ ਵਿੱਚ ਉਸ ਨੂੰ ਬਾਪੂ ਦੀ ਮੌਤ ਸਮੇਂ ਅਰਸ਼ਦ ਵੱਲੋਂ ਬੋਲੇ ਬੋਲ ਚੇਤੇ ਆਉਂਦੇ ਹਨ, 'ਯਾਰ, ਤੇਈਏ ਤਾਪ ਨਾਲ ਬੰਦਾ ਥੋੜ੍ਹਾ ਮਰਦੈ, ਹੋਰ ਬਥੇਰਾ ਕੁਝ ਮਾਰ ਦਿੰਦੇ ਬੰਦੇ ਨੂੰ।' ਉਹ ਆਪਣੇ ਆਪ ਨੂੰ 'ਮਰਨ' ਤੋਂ ਬਚਾਉਣਾ ਚਾਹੁੰਦਾ ਹੈ। ਸਮਾਜਕ -ਸੱਭਿਆਚਾਰਕ ਵਿਚਲਾ 'ਫਾਸਲਾ' ਹੀ ਅਣਸੁਖਾਵੀਆਂ ਘਟਨਾਵਾਂ ਦਾ ਜਨਮਦਾਤਾ ਹੈ।

ਕੁਦੇਸਣ ਦੀ ਸੰਵੇਦਨਾਤਮਕ ਬਿਰਤੀ : ਕੁਇਨਜ਼ ਲੈਂਡ

ਭਾਰਤੀ ਸਮਾਜ ਵਿੱਚ ਨਾਰੀ ਦੀ 'ਅਸੁਰੱਖਿਆ' ਗੰਭੀਰ ਵਿਸ਼ਾ ਹੈ। ਆਰਥਿਕਤਾ ਉੱਪਰ ਕਾਬਜ਼ ਜਮਾਤ ਨਾਰੀ ਸ਼ੋਸ਼ਣ ਲਈ ਨਵੇਂ ਤਰੀਕੇ ਭਾਲਦੀ ਹੈ। ਬੰਗਾਲ ਵਿੱਚ ਕੁਦਰਤੀ ਆਫਤ ਆ ਜਾਣ 'ਤੇ ਸੇਠ ਮਾਲਟ ਦਾਸ 'ਪੰਜ ਕਿੱਲੋ' ਚੌਲ ਬਦਲੇ 'ਅਨੀਮਾ' ਦੀ ਇੱਜ਼ਤ ਨੂੰ ਹੱਥ ਪਾਉਂਦਾ ਹੈ। ਨਸ਼ੇੜੀ ਪਤੀ ਦੀ ਮ੍ਰਿਤੂ ਬਾਅਦ ਇਕਲੌਤੇ ਪੁੱਤਰ 'ਸ਼ਿਵਾ' ਨੂੰ ਸਾਂਭਣ ਲਈ ਹੋਟਲਾਂ ਦੇ ਜੂਠੇ ਭਾਂਡੇ ਮਾਂਜਦੀ ਹੈ। ਟਰੱਕ ਡਰਾਈਵਰਾਂ ਦੇ ਸੰਪਰਕ ਵਿੱਚ ਆਉਣ ਨਾਲ ਵਿਕਦੀ-ਵਿਕਾਉਂਦੀ ਜਿੰਦਰ ਦੀ 'ਰਾਣੀ' ਬਣਦੀ ਹੈ। ਬੰਗਾਲ ਤੋਂ ਬੁਢਲਾਡੇ ਇਲਾਕੇ ਦੀ ਆਂਗਣਵਾੜੀ 'ਹੈਲਪਰ' ਬਣਨ ਤੱਕ ਬੜਾ ਕੁਝ ਵਾਪਰਦਾ ਹੈ। ਬਾਰਾਂ ਸਾਲਾਂ ਬਾਅਦ ਬੰਗਾਲ ਫੇਰੀ ਦੌਰਾਨ ਸੇਠ ਦੀ ਤਕੜੀ ਵਿੱਚ ਪੰਜ ਕਿੱਲੋ ਦੀ ਬਜਾਏ ਸੱਤ ਕਿੱਲੋ ਚੌਲਾਂ ਨੂੰ ਸੁੱਟ ਭਾਰ-ਮੁਕਤ ਹੋਣਾ, ਮ੍ਰਿਤਕ ਪਤੀ ਦੀ ਮਾਂ ਵੱਲੋਂ ਸ਼ਿਵਾ ਨੂੰ ਪਿਆਰ ਦੇਣਾ, ਆਪਣੇ ਮਾਂ-ਪਿਉ ਨੂੰ ਰਹਿਣ ਲਈ ਝੌਂਪੜੀ ਬਣਾ ਕੇ ਦੇਣਾ, ਦੀਨਾਨਾਥ ਦੇ ਮਿਲਾਪ ਬਿਨਾਂ ਯਾਤਰਾ ਦਾ ਅਧੂਰਾਪਨ ਆਦਿ-ਆਦਿ ਘਟਨਾਵਾਂ ਭਾਵੁਕ ਕਰਦੀਆਂ ਹਨ। ਪ੍ਰੇਮੀ ਦੀਨਾਨਾਥ ਦੇ ਪਰਵਾਰ ਵੱਲੋਂ ਖਿੱਚੀ 'ਲਛਪਣ ਰੇਖਾ' ਨੂੰ ਪਾਰ ਕਰਨ ਦੀ ਅਸਮਰੱਥਾ ਪਛਤਾਵੇ ਦਾ ਕਾਰਨ ਬਣਦੀ ਹੈ। ਇਉਂ ਖੇਤਾਂ ਦੀ ਮਾਲਕਣ ਬਣਨ ਦਾ ਸੁਫਨਾ ਚਕਨਾਚੂਰ ਹੁੰਦਾ ਹੈ। ਸੁਫਨਿਆਂ ਦਾ ਟੁੱਟਣਾ ਹੀ ਜ਼ਿੰਦਗੀ ਟੁੱਟਣਾ ਹੈ। ਇਸ਼ਕ ਨੂੰ ਸਰ ਕਰਨ ਲਈ ਸਮਾਜਕ ਬਨੇਰਿਆਂ ਨੂੰ ਢਾਹੁਣਾ ਲਾਜ਼ਮੀ ਹੈ। ਘੁਟਨ ਭਰੇ ਜਾਤੀਗਤ ਅਨੁਭਵ 'ਚੋਂ ਬਾਹਰ ਨਿਕਲ ਤਲਾਸ਼ੀ ਗਈ ਧਰਤੀ ਉਸ ਲਈ 'ਕੁਇਨਜ਼ ਲੈਂਡ' ਬਣਦੀ ਹੈ। ਧੰਨ ਕੁਰ ਵਰਗੀਆਂ ਔਰਤਾਂ ਉਸ ਦੇ ਨਿਹੋਰੇ ਕੱਢਦੀਆਂ ਹਨ, 'ਜਦੋਂ ਰਾਣੀ ਬੰਗਾਲ ਜਾਵੇਗੀ, ਨਾ ਮੇਰੇ ਚਮਕੌਰ ਪੁੱਤ ਵਾਸਤੇ ਵੀ ਲਿਆ ਦੇਈਂ ਕੋਈ ਆਵਦੇ ਵਰਗੀ, ਤੇਰਾ ਪੂਰਾ ਮਾਣ-ਤਾਣ ਕਰੂੰਗੀ।' ਉਹ ਧੰਨ ਕੁਰ ਦੀ ਮੰਗ ਬਾਰੇ ਸੋਚਦੀ ਹੈ ਕਿ ਅਗਲੇ ਗੇੜੇ ਪਿੰਡ ਦੀਆਂ ਜਵਾਨ ਮੁਟਿਆਰਾਂ ਨੂੰ ਪੰਜਾਬ ਲਿਆਵੇਗੀ, ਤਾਂ ਜੋ ਸੇਠਾਂ ਤੋਂ ਬਚ ਇੱਥੋਂ ਦੀਆਂ 'ਰਾਣੀਆਂ' ਬਣ ਸਕਣ। ਰਾਣੀ ਬਣਨ/ ਕਹਾਉਣ ਦੇ ਕੀ ਕਾਰਣ ਹਨ? ਹੋਰ ਤਕੜਾ ਸਵਾਲ ਹੈ।

ਗੈਂਗਸਟਰ ਜੀਵਨ ਸ਼ੈਲੀ ਦਾ ਬਿੰਬ : ਬਲਿਊ ਪ੍ਰਿੰਟ

ਨੌਜਵਾਨਾਂ 'ਚ ਪਨਪ ਰਹੀ ਨਾਕਾਰਾਤਮਕ ਪ੍ਰਵਿਰਤੀ ਲਈ ਜ਼ਿੰਮੇਵਾਰ ਕਾਰਨਾਂ ਵਿੱਚ 'ਪਰਿਵਾਰਕ ਪਰਵਰਿਸ਼' ਵੀ ਸ਼ਾਮਲ ਹੈ। ਸਿੱਧੂ ਮੂਸੇਵਾਲਾ ਦੇ ਕਤਲ ਨੂੰ ਪਿੱਠ ਵਿੱਚ ਰੱਖ ਕੇ ਲਿਖੀ ਕਹਾਣੀ ਮਾਵਾਂ ਦੇ ਦਰਦ ਨੂੰ ਬਿਆਨਦੀ ਹੈ। ਭੋਗ ਮੌਕੇ ਭੂਸ਼ਣ ਦੇ ਭੂਆ ਘਰ ਵੱਲ ਵਧਦੇ ਕਦਮ ਸਿੱਧ ਕਰਦੇ ਹਨ ਕਿ ਖੂਨ ਦੇ ਰਿਸ਼ਤਿਆਂ ਨੂੰ ਛੱਡਣਾ ਔਖੈ। ਇਉਂ ਮਾਂ ਦੀ ਥਾਂ ਭੂਆ, ਮੂਸੇਵਾਲਾ ਦੀ ਥਾਂ ਅੰਮ੍ਰਿਤ ਘਟਨਾਵਾਂ/ ਸਥਿਤੀਆਂ ਦਾ 'ਬਲਿਊ ਪ੍ਰਿੰਟ' ਜਾਪਦੇ ਹਨ, ਪਰ ਕਿਸੇ ਘਟਨਾ 'ਤੇ ਫੌਰੀ ਪ੍ਰਤੀਕਰਮ ਕਰਦੇ ਵੇਲੇ ਸਿਰਜਣਾਤਮਕ ਸੁਚੇਤਤਾ ਵੀ ਜ਼ਰੂਰੀ ਹੁੰਦੀ ਹੈ। ਇਸ ਕਹਾਣੀ ਦੀ ਭਾਵੁਕ ਸੁਰ ਵਿਧਾਗਤ ਠੇਸ ਪਹੁੰਚਾਉਂਦੀ ਹੈ।

ਡਰਾਈਵਰ-ਕੰਡਕਟਰ ਅਤੇ ਦੰਗਈ ਵਾਤਾਵਰਨ : ਲਾਜਵੰਤੀ ਦਾ ਬੂਟਾ

ਸਬਾਲਟਰਨ ਪ੍ਰਸੰਗ ਹੇਠ ਰਾਜਿਆਂ (ਨਾਈਆਂ) ਦਾ ਕੰਡਕਟਰ-ਡਰਾਈਵਰ ਵੀ 'ਸਥਾਨ' ਪ੍ਰਾਪਤ ਕਰਦੇ ਹਨ। ਇਸ ਕਿੱਤੇ ਵਿੱਚ ਆਉਂਦੀਆਂ ਦਰਪੇਸ਼ ਚੁਣੌਤੀਆਂ ਅਤੇ ਗੋਰਖਧੰਦੇ ਨੂੰ ਜਾਣਨ ਲਈ ਕਥਾ-ਪਾਠ 'ਚੋਂ ਗੁਜ਼ਰਨਾ ਪੈਣਾ ਹੈ। ਕੁਲਦੀਪ ਅਤੇ ਰੂਬੀ ਦੇ ਸੰਬੰਧ ਵੀ ਬੱਸ ਵਿੱਚ ਬਣਦੇ ਹਨ। ਪ੍ਰੇਮ ਪ੍ਰਸੰਗ ਵਿੱਚ ਪੈਦਾ ਹੋਇਆ ਜਾਤੀਗਤ ਸਵਾਲ ਇੱਥੇ ਵੀ ਖਹਿੜਾ ਨਹੀਂ ਛੱਡਦਾ: 'ਰੂਬੀ ਗੁੱਸਾ ਨ੍ਹੀਂ ਕਰਨਾ। ਮੈਂ ਤਾਂ ਸੁਭਾਇਕੀ ਪੁੱਛਿਆ ਤੁਹਾਡੀ ਜਾਤ ਕਿਹੜੀ ਐ?' ਰੂਬੀ ਨੇ ਸਹਿਜ ਨਾਲ ਜਵਾਬ ਦਿੱਤਾ, 'ਤੇਰੇ ਨਾਲੋਂ ਨਾ ਬਾਹਲੀ ਉੱਤੇ ਐ ਤੇ ਨਾ ਬਾਹਲੀ ਥੱਲੇ।' ਡਰਾਈਵਰ ਵੀ ਨੌਕਰੀ ਦੇ ਪਹਿਲੇ ਦਿਨ ਜਾਤੀਗਤ ਪ੍ਰਸਨ ਹੀ ਪੁੱਛਦਾ ਹੈ। ਕਹਾਣੀ ਦਾ ਵੱਡਾ ਹਿੱਸਾ ਦੰਗਈ ਵਾਤਾਵਰਨ ਵਿੱਚ ਫੁਕੀ ਗਈ ਬੱਸ ਅਤੇ ਚਾਲਕਾਂ ਦੀ ਬਰਖਾਸਤੀ ਨਾਲ ਵੀ ਜੁੜਿਆ ਹੋਇਆ ਹੈ। 'ਪੂਜਨੀਕ ਆਤਮਾ ਰਾਮ' ਦੀ ਦਿਨ-ਦਿਹਾੜੇ ਹੋਈ ਹੱਤਿਆ ਕਾਰਨ ਪੈਰੋਕਾਰਾਂ ਵੱਲੋਂ ਸਰਕਾਰੀ/ ਗੈਰ-ਸਰਕਾਰੀ ਸੰਪਤੀ ਦਾ ਨੁਕਸਾਨ ਕੀਤਾ ਜਾਂਦਾ ਹੈ। ਰੋਡਵੇਜ਼ ਪ੍ਰਸ਼ਾਸਨ ਇਸ ਘਟਨਾ ਨੂੰ ਡਰਾਈਵਰ-ਕੰਡਕਟਰ ਦੀ ਨਲਾਇਕੀ ਸਮਝਦਾ ਹੈ। ਪ੍ਰਸ਼ਾਸਨਿਕ ਫੈਸਲੇ ਵਿੱਚ ਚਾਲਕ ਸਹਿਯੋਗੀ ਮਾਨਸਕ/ਆਰਥਿਕ ਸੰਤਾਪ ਹੰਢਾਉਂਦੇ ਹਨ, ਪਰ ਮੁਲਾਜ਼ਮ ਕਾਮਿਆਂ ਦੇ ਸੰਘਰਸ਼ਮਈ ਸੰਗਠਨ 'ਚੋਂ ਨਿਕਲੇ ਬੋਲ, 'ਮੰਨਿਆ ਅਸੀਂ ਸਰਕਾਰੀ ਮੁਲਾਜ਼ਮ ਹੋਣ ਕਰਕੇ ਲਾਜਵੰਤੀ ਦੇ ਬੂਟੇ ਵਾਂਗ ਬਹੁਤ ਛੇਤੀ ਡਰ ਜਾਨੈ ਆਂ, ਪਰ ਆਪਾਂ ਪੱਥਰ ਬ

24-Sep-Sunday.qxd 9/23/2023 9:55 PM Page 6

ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ:) ਦੀ ਕਾਰਜਕਾਰਨੀ ਦਾ ਗਠਨ

ਚੰਡੀਗੜ੍ਹ-ਪੰਜਾਬੀ ਲੇਖਕਾਂ ਦੀ ਸਿਰਮੌਰ ਜਥੇਬੰਦੀ ਕੇਂਦਰੀ ਪੰਜਾਬੀ ਲੇਖਕ ਸਭਾ ਰਜਿ. ਦੇ ਨਵ-ਨਿਯੁਕਤ ਅਹੁਦੇਦਾਰਾਂ ਦੀ ਪਲੇਠੀ ਮੀਟਿੰਗ ਸਭਾ ਦੇ ਪ੍ਰਧਾਨ ਦਰਸ਼ਨ ਬੁੱਟਰ ਦੀ ਪ੍ਰਧਾਨਗੀ ਹੇਠ ਪੰਜਾਬੀ ਭਵਨ ਲੁਧਿਆਣਾ ਵਿਖੇ ਹੋਈ, ਜਿਸ ਵਿੱਚ ਸੀਨੀਅਰ ਮੀਤ ਪ੍ਰਧਾਨ ਡਾ. ਹਰਜਿੰਦਰ ਸਿੰਘ ਅਟਵਾਲ, ਜਨਰਲ ਸਕੱਤਰ ਸੁਸ਼ੀਲ ਦੁਸਾਂਝ, ਦੀਪ ਦੇਵਿੰਦਰ ਸਿੰਘ, ਸੁਰਿੰਦਰਪ੍ਰੀਤ ਘਣੀਆਂ, ਭੁਪਿੰਦਰ ਪ੍ਰੀਤ ਅਤੇ ਰਜਿੰਦਰ ਰਾਜਨ (ਸਾਰੇ ਸਕੱਤਰ), ਸ਼ੈਲਿੰਦਰਜੀਤ ਰਾਜਨ, ਮਨਜੀਤ ਇੰਦਰਾ, ਦਲਜੀਤ ਸਾਹੀ, ਬਲਵਿੰਦਰ ਸੰਧੂ ਅਤੇ ਮੂਲ ਚੰਦ ਸ਼ਰਮਾ (ਸਾਰੇ ਮੀਤ ਪ੍ਰਧਾਨ) ਸ਼ਾਮਲ ਹੋਏ। ਮੀਟਿੰਗ ਦਾ ਆਗਾਜ਼ ਪਿਛਲੇ ਦਿਨੀਂ ਵਿੱਛੜ ਗਏ ਸਾਹਿਤਕਾਰਾਂ ਨੂੰ ਅਕੀਦਤ ਦੇ ਫੁੱਲ ਭੇਟ ਕਰਦਿਆਂ ਦੋ ਮਿੰਟ ਦਾ ਮੌਨ ਧਾਰਨ ਕਰਕੇ ਕੀਤਾ ਗਿਆ। ਸਭਾ ਦੇ ਜਨਰਲ ਸਕੱਤਰ ਸੁਸ਼ੀਲ ਦੁਸਾਂਝ ਨੇ ਮੀਟਿੰਗ ਦੀ ਕਾਰਵਾਈ ਚਲਾਉਂਦਿਆਂ ਕਿਹਾ ਕਿ ਕੇਂਦਰੀ ਸਭਾ ਦੀ ਨਵੀਂ ਚੁਣੀ ਟੀਮ ਨੂੰ ਕੇਂਦਰੀ ਨਾਲ ਜੁੜੀਆਂ 190 ਦੇ ਕਰੀਬ ਸਾਹਿਤ ਸਭਾਵਾਂ ਤੀਕ ਪਹੁੰਚ ਅਪਣਾਉਣ ਦੀ ਲੋੜ ਹੈ।

ਸਭਾ ਦੇ ਪ੍ਰਧਾਨ ਦਰਸ਼ਨ ਬੁੱਟਰ ਨੇ ਸਭ ਦਾ ਸਵਾਗਤ ਕਰਦਿਆਂ ਕਿਹਾ ਕਿ ਨਵੀਂ ਟੀਮ ਹਰ ਤਰ੍ਹਾਂ ਦੀ ਧੜੇਬੰਦੀ ਅਤੇ ਪੱਖਪਾਤ ਨੂੰ ਪਾਸੇ ਰੱਖ ਕੇ ਕੇਂਦਰੀ ਸਭਾ ਦੇ ਬਹੁ-ਪੱਖੀ ਉਦੇਸ਼, ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਨੂੰ ਪ੍ਰਫੁੱਲਤ ਕਰਨ ਲਈ ਨਿਰੰਤਰ ਕਾਰਜਸ਼ੀਲ ਰਹੇਗੀ।

ਹਾਜ਼ਰ ਅਹੁਦੇਦਾਰਾਂ ਵੱਲੋਂ ਸਰਬਸੰਮਤੀ ਨਾਲ ਜਿੱਥੇ ਦੀਪ ਦੇਵਿੰਦਰ ਸਿੰਘ ਨੂੰ ਦਫਤਰ ਸਕੱਤਰ ਅਤੇ ਸੁਰਿੰਦਰ ਪ੍ਰੀਤ ਘਣੀਆ ਨੂੰ ਵਿੱਤ ਸਕੱਤਰ ਦੀ ਜ਼ਿੰਮੇਵਾਰੀ ਸੌਂਪੀ ਗਈ, ਉੱਥੇ ਇਕੱਤੀ ਮੈਂਬਰੀ ਕਾਰਜਕਾਰਨੀ ਦਾ ਗਠਨ ਵੀ ਕੀਤਾ ਗਿਆ, ਜਿਸ ਵਿੱਚ ਡਾ. ਸੁਖਦੇਵ ਸਿੰਘ ਸਿਰਸਾ, ਮੱਖਣ ਕੁਹਾੜ, ਡਾ. ਕਰਮਜੀਤ ਸਿੰਘ, ਡਾ. ਉਮਿੰਦਰ ਜੌਹਲ, ਜਸਬੀਰ ਰਾਣਾ, ਗੁਰਮੀਤ ਬਾਜਵਾ, ਡਾ. ਦੇਵਿੰਦਰ ਸੈਫੀ, ਡਾ. ਪਰਮਜੀਤ ਸਿੰਘ ਬਾਠ, ਵਿਸ਼ਾਲ, ਮਨਜਿੰਦਰ ਧਨੋਆ, ਐੱਸ ਨਸੀਮ, ਹਰਪਾਲ ਸਿੰਘ ਨਾਗਰਾ, ਮਨਜੀਤ ਸਿੰਘ ਵਸੀ, ਗੁਰਪ੍ਰੀਤ ਰੰਗੀਲਪੁਰ, ਸੁਰਿੰਦਰ ਖੀਵਾ, ਗੁਰਬਿੰਦਰ ਮਾਣਕ, ਡਾ. ਜਸਵੰਤ ਰਾਏ, ਮਦਨ ਵੀਰਾ, ਦੀਪਕ ਸ਼ਰਮਾ ਚਨਾਰਥਲ, ਸੁਰਿੰਦਰਜੀਤ ਚੌਹਾਨ, ਡਾ. ਹਰਪ੍ਰੀਤ ਰਾਣਾ, ਡਾ. ਸ਼ਿੰਦਰਪਾਲ ਸਿੰਘ, ਗੁਰਭੇਜ ਸਿੰਘ ਗੁਰਾਇਆ, ਤੇਜਾ ਸਿੰਘ ਤਿਲਕ, ਅਮਰਜੀਤ ਜੀਤ, ਰਿਸ਼ੀ ਹਿਰਦੇ ਪਾਲ, ਅਨਿਲ ਫਤਿਹਗੜ੍ਹ ਜੱਟਾਂ, ਗੁਰਸੇਵਕ ਸਿੰਘ ਢਿੱਲੋਂ, ਗੁਰਮੀਤ ਸਰਾਂ, ਸੰਪੂਰਨ ਟੱਲੇਵਾਲੀਆ ਅਤੇ ਜਤਿੰਦਰ ਕੌਰ ਮਾਹਲ ਨੂੰ ਚੁਣਿਆ ਗਿਆ।

ਪੰਜਾਬ ਤੋਂ ਬਾਹਰਲੇ ਵਿਸ਼ੇਸ਼ ਨਿਮੰਤਰਤ ਮੈਂਬਰਾਂ ਵਿਚ ਬਲਬੀਰ ਮਾਧੋਪੁਰੀ (ਦਿੱਲੀ), ਕਰਨੈਲ ਚੰਦ (ਹਰਿਆਣਾ), ਕਾਬਲ ਵਿਰਕ (ਹਰਿਆਣਾ), ਕੇਸਰਾ ਰਾਮ (ਹਰਿਆਣਾ), ਖਾਲਿਦ ਹੁਸੈਨ (ਜੰਮੂ), ਸੁਰਿੰਦਰ ਨੀਰ (ਜੰਮੂ), ਸੁਆਮੀ ਅੰਤਰਨੀਰਵ (ਜੰਮੂ), ਜਗਮੋਹਨ (ਪੱਛਮੀ ਬੰਗਾਲ), ਡਾ. ਕਾਬਲ ਸਿੰਘ (ਰਾਜਸਥਾਨ) ਨੂੰ ਨਾਮਜ਼ਦ ਕੀਤਾ ਗਿਆ।

ਇਹ ਵੀ ਫੈਸਲਾ ਕੀਤਾ ਗਿਆ ਕਿ ਕੇਂਦਰੀ ਸਭਾ ਦਾ ਸਲਾਹਕਾਰ ਬੋਰਡ, ਵਿਸ਼ੇਸ਼ ਨਿਮੰਤਰਤ ਮੈਂਬਰ ਅਤੇ ਨਿਮੰਤਰਤ ਮੈਂਬਰਾਂ ਦਾ ਗਠਨ ਕਾਰਜਕਾਰਨੀ ਦੀ ਅਗਲੀ ਮੀਟਿੰਗ ਵਿੱਚ ਕੀਤਾ ਜਾਵੇਗਾ। ਸਭਾ ਦੇ ਸੀਨੀਅਰ ਮੀਤ ਪ੍ਰਧਾਨ ਡਾ. ਹਰਜਿੰਦਰ ਸਿੰਘ ਅਟਵਾਲ ਨੇ ਅੰਤ 'ਤੇ ਸਭ ਦਾ ਧੰਨਵਾਦ ਕੀਤਾ।

—ਸੁਸ਼ੀਲ ਦੁਸਾਂਝ

ਸੁਖਜੀਤ ਨਾਲ ਰੂ-ਬ-ਰੂ

ਸਮਰਾਲਾ-ਭਾਸ਼ਾ ਵਿਭਾਗ ਵੱਲੋਂ ਵਿਦਿਆਰਥੀਆਂ ਅੰਦਰ ਸਾਹਿਤ ਅਤੇ ਸਿਰਜਣਾ ਪ੍ਰਤੀ ਸੰਵੇਦਨਸ਼ੀਲਤਾ ਪੈਦਾ ਕਰਨ ਦੇ ਮਨੋਰਥ ਨਾਲ ਪੰਜਾਬੀ ਦੇ ਸਿਰਮੌਰ ਕਹਾਣੀਕਾਰ ਸ੍ਰੀ ਸੁਖਜੀਤ ਨਾਲ ਰੂ-ਬ-ਰੂ ਸਮਾਗਮ ਸਰਕਾਰੀ ਕਾਲਜ ਮਾਛੀਵਾੜਾ ਵਿਖੇ ਕਰਵਾਇਆ ਗਿਆ।

ਜ਼ਿਲ੍ਹਾ ਭਾਸ਼ਾ ਅਫਸਰ ਲੁਧਿਆਣਾ ਡਾ. ਸੰਦੀਪ ਸ਼ਰਮਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸ੍ਰੀ ਸੁਖਜੀਤ ਨੇ ਆਪਣੀ ਸਿਰਜਣ ਸਮਰੱਥਾ ਨਾਲ ਇਲਾਕੇ ਅਤੇ ਪੰਜਾਬੀ ਭਾਸ਼ਾ ਦਾ ਮਾਣ ਵਧਾਇਆ ਹੈ। ਉਹਨਾਂ ਨੂੰ ਪੁਸਤਕ 'ਮੈਂ ਅਯਾਨਘੋਸ਼ ਨਹੀਂ" ਲਈ ਭਾਰਤ ਸਰਕਾਰ ਵੱਲੋਂ ਸਾਲ 2022 ਦੇ ਭਾਰਤੀ ਸਾਹਿਤ ਅਕਾਦਮੀ ਪੁਰਸਕਾਰ ਨਾਲ ਸਨਮਾਨਿਆ ਗਿਆ ਹੈ। ਇਸ ਤੋਂ ਪਹਿਲਾਂ ਸ੍ਰੀ ਸੁਖਜੀਤ ਨੂੰ ਭਾਸ਼ਾ ਵਿਭਾਗ ਪੰਜਾਬ ਵੱਲੋਂ ਨਾਨਕ ਸਿੰਘ ਪੁਰਸਕਾਰ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਭਾਈ ਵੀਰ ਸਿੰਘ ਐਵਾਰਡ ਨਾਲ ਸਨਮਾਨਤ ਕੀਤਾ ਜਾ ਚੁੱਕਿਆ ਹੈ। ਪ੍ਰਿੰਸੀਪਲ ਨੇ ਆਏ ਹੋਏ ਮਹਿਮਾਨਾਂ ਕਹਾਣੀਕਾਰ ਸ੍ਰੀ ਸੁਖਜੀਤ, ਉਹਨਾਂ ਦੀ ਸ਼ਰੀਕੇ ਹਯਾਤ ਸ੍ਰੀਮਤੀ ਗੁਰਦੀਪ ਕੌਰ, ਸੁਰਿੰਦਰ ਰਾਮਪੁਰੀ, ਬਲਵਿੰਦਰ ਗਰੇਵਾਲ, ਅਨਿਲ ਫਤਿਹਗੜ੍ਹ ਜੱਟਾਂ, ਸ. ਊਧਮ ਸਿੰਘ, ਯਤਿੰਦਰ ਮਾਹਲ, ਨੀਤੂ ਰਾਮਪੁਰ, ਰੰਗਕਰਮੀ ਰਾਜਵਿੰਦਰ ਸਮਰਾਲਾ, ਵੀਨੀਸ ਗੋਇਲ ਦਾ ਰਸਮੀ ਸਵਾਗਤ ਕਰਦੇ ਹੋਏ ਵਿਦਿਆਰਥੀਆਂ ਨੂੰ ਸਾਹਿਤ ਨਾਲ ਜੁੜਨ, ਸਾਹਿਤ ਪੜ੍ਹਨ ਦਾ ਸੰਦੇਸ਼ ਦਿੱਤਾ। ਕਹਾਣੀਕਾਰ ਸੁਰਿੰਦਰ ਰਾਮਪੁਰੀ ਨੇ ਅੱਜ ਦੇ ਇਸ ਸਾਹਿਤਕ ਸਮਾਗਮ ਨੂੰ ਅਜੋਕੇ ਸਮੇਂ ਦੀ ਲੋੜ ਦੱਸਦਿਆਂ ਸੁਖਜੀਤ ਦੇ ਸਮਕਾਲੀ ਹੋਣ 'ਤੇ ਮਾਣ ਮਹਿਸੂਸ ਕੀਤਾ। ਬਲਵਿੰਦਰ ਗਰੇਵਾਲ ਨੇ ਸੁਖਜੀਤ ਹੋਰਾਂ ਬਾਰੇ ਗੱਲ ਆਰੰਭ ਕਰਦਿਆਂ ਉਹਨਾਂ ਦੇ ਔਕੜਾਂ ਭਰੇ ਜੀਵਨ 'ਤੇ ਝਾਤ ਪਵਾਉਂਦੇ ਹੋਏ ਉਹਨਾਂ ਦੀਆਂ ਕਹਾਣੀਆਂ ਨੂੰ ਅੱਜ ਦੇ ਸਮਾਜ ਦੀਆਂ ਕਹਾਣੀਆਂ ਦੱਸਿਆ।

ਕਹਾਣੀਕਾਰ ਸੁਖਜੀਤ ਨੇ ਵਿਦਿਆਰਥੀਆਂ ਨਾਲ ਰੂ-ਬ-ਰੂ ਹੁੰਦਿਆਂ ਆਪਣੀ ਲਿਖਣ ਪ੍ਰਕਿਰਿਆ ਬਾਰੇ, ਜ਼ਿੰਦਗੀ ਦੀਆਂ ਤਲਖ ਤੇ ਕੌੜੀਆਂ ਯਾਦਾਂ ਬਾਰੇ ਗੱਲ ਕੀਤੀ, ਉੱਥੇ ਹੀ ਮਾਛੀਵਾੜਾ ਦੇ ਇਤਿਹਾਸਕ ਪੱਖ 'ਤੇ ਵੀ ਰੋਸ਼ਨੀ ਪਾਈ। ਸੁਖਜੀਤ ਨੇ ਵਿਦਿਆਰਥੀਆਂ ਨੂੰ ਦੱਸਿਆ ਕਿ ਦੁਨੀਆ ਵਿੱਚ ਜਾਂ ਜ਼ਿੰਦਗੀ ਵਿੱਚ ਕੁੱਝ ਵੀ ਅਸੰਭਵ ਨਹੀਂ, ਬੱਸ ਸਾਡੇ ਵਿੱਚ ਹਿੰਮਤ, ਹੌਸਲਾ ਤੇ ਕੁੱਝ ਕਰਨ ਦੀ ਚਾਹਤ ਹੋਣੀ ਚਾਹੀਦੀ ਹੈ। ਵਿਦਿਆਰਥੀਆਂ ਦੁਆਰਾ ਪੁੱਛੇ ਸਵਾਲਾਂ ਦਾ ਸੁਖਜੀਤ ਹੁਰਾਂ ਨੇ ਬੇਬਾਕੀ ਤੇ ਵਿਸਥਾਰ ਨਾਲ ਜਵਾਬ ਦਿੱਤਾ। ਡਾ. ਸੰਦੀਪ ਸ਼ਰਮਾ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਜਿੱਥੇ ਸਾਹਿਤਕ ਖੇਤਰ ਵਿੱਚ ਸੁਖਜੀਤ ਹੋਰਾਂ ਦਾ ਕਾਰਜ ਵੱਡਾ ਹੈ, ਉੱਥੇ ਹੀ ਉਹਨਾਂ ਨੇ ਪੰਜਾਬ ਦੀ ਸਾਹਿਤ ਸਭਾਈ ਸੱਭਿਆਚਾਰ ਦੀ ਅਮੀਰ ਪ੍ਰੰਪਰਾ ਨੂੰ ਸੰਭਾਲਿਆ ਹੋਇਆ ਹੈ। ਇਸ ਸਮਾਗਮ ਦਾ ਮੰਚ ਸੰਚਾਲਨ ਡਾ. ਕਮਲਜੀਤ ਕੌਰ ਬਾਂਗਾ ਵੱਲੋਂ ਬਾਖੂਬੀ ਕੀਤਾ ਗਿਆ।

'ਅਦਾਰਾ ਸ਼ਬਦ' ਦਾ ਸਿਲਵਰ ਜੁਬਲੀ ਸਮਾਗਮ

ਸਾਊਥਾਲ : 'ਅਦਾਰਾ ਸ਼ਬਦ' ਵੱਲੋਂ ਸਭਾ ਦਾ ਸਾਲਾਨਾ ਸਮਾਗਮ ਕਰਵਾਇਆ ਗਿਆ। 'ਅਦਾਰਾ ਸ਼ਬਦ' ਨੂੰ ਹੋਂਦ ਵਿੱਚ ਆਇਆਂ ਪੱਚੀ ਸਾਲ ਹੋ ਜਾਣ ਕਾਰਨ ਇਹ ਸਿਲਵਰ ਜੁਬਲੀ ਸਮਾਗਮ ਸੀ, ਇਸ ਲਈ ਸਾਰਾ ਸਮਾਂ ਧੂਮ-ਧਾਮ ਵਾਲਾ ਦ੍ਰਿਸ਼ ਦਰ-ਪੇਸ਼ ਰਿਹਾ। ਇਸ ਸਮਾਗਮ ਦੇ ਦੋ ਭਾਗ ਸਨ। ਪਹਿਲੇ ਭਾਗ ਵਿੱਚ ਪਰਚੇ ਪੜ੍ਹੇ ਗਏ ਤੇ ਦੂਜੇ ਭਾਗ ਵਿੱਚ ਕਵੀ ਦਰਬਾਰ ਕਰਵਾਇਆ ਗਿਆ। ਪਹਿਲੇ ਭਾਗ ਵਿੱਚ ਸੁਖਦੇਵ ਬੰਸਲ ਨੇ ਕੀਨੋਟ ਭਾਸ਼ਨ ਹਾਜ਼ਰੀਨ ਸਾਹਮਣੇ ਰੱਖਿਆ, ਜਿਸ ਵਿੱਚ ਉਹਨਾਂ ਨੇ ਸਾਹਿਤਕ ਸਭਾਵਾਂ ਦੀ ਮਹੱਤਤਾ ਦਾ ਜ਼ਿਕਰ ਕੀਤਾ। ਦਰਸ਼ਨ ਬੁਲੰਦਵੀ ਨੇ ਆਪਣੇ ਭਾਸ਼ਨ ਵਿੱਚ ਸਭਾ ਦੀਆਂ ਪੱਚੀ ਸਾਲ ਦੀਆਂ ਕਾਰਵਾਈਆਂ ਬਾਰੇ ਇਕ ਖਾਸ ਰਿਪੋਰਟ ਪੇਸ਼ ਕੀਤੀ। ਬੁਲੰਦਵੀ ਨੇ ਸਭਾ ਦੀ ਖਾਸੀਅਤ ਬਾਰੇ ਗੱਲ ਕਰਦਿਆਂ ਕਿਹਾ ਕਿ ਇਸ ਸਭਾ ਦਾ ਨਾ ਕੋਈ ਪ੍ਰਧਾਨ ਹੈ, ਨਾ ਸਕੱਤਰ ਤੇ ਨਾ ਹੀ ਰੈਗੂਲਰ ਮੈਂਬਰ ਤੇ ਨਾ ਹੀ ਇਸ ਲਈ ਕੋਈ ਫੰਡ ਇਕੱਠਾ ਕੀਤਾ ਜਾਂਦਾ ਹੈ। ਪੂਰੇ ਯੂਕੇ ਦੇ ਲੇਖਕ ਇਸ ਦੇ ਮੈਂਬਰ ਹਨ, ਜੋ ਹਰ ਸਾਲ ਇਸ ਦੇ ਸਮਾਗਮਾਂ ਵਿੱਚ ਸ਼ਿਰਕਤ ਕਰਦੇ ਹਨ। ਸਮੁੱਚੇ ਪੰਜਾਬੀ ਸਾਹਿਤ ਦਾ ਸ਼ਾਇਦ ਹੀ ਕੋਈ ਸਮਕਾਲੀ ਲੇਖਕ ਹੋਵੇਗਾ, ਜੋ ਇਸ ਦੇ ਸਮਾਗਮਾਂ ਵਿੱਚ ਹਾਜ਼ਰ ਨਹੀਂ ਹੋਇਆ ਹੋਵੇਗਾ। ਡਾ. ਗੁਰਪਾਲ ਸਿੰਘ ਸੰਧੂ ਨੇ 'ਸਮਕਾਲੀ ਪਰਵਾਸੀ ਪੰਜਾਬੀ ਗਲਪ ਦੇ ਬਦਲਦੇ ਸੰਦਰਭ' ਸਿਰਲੇਖ ਹੇਠ ਪਰਚਾ ਪੜ੍ਹਿਆ। ਪਰਚੇ ਉਪਰ ਭਰਪੂਰ ਬਹਿਸ ਹੋਈ, ਜਿਸ ਵਿੱਚ ਰਣਜੀਤ ਧੀਰ, ਮਹਿੰਦਰਪਾਲ ਧਾਲੀਵਾਲ, ਦਰਸ਼ਨ ਢਿੱਲੋਂ, ਡਾ. ਮਹਿੰਦਰ ਗਿੱਲ, ਪਰਮ ਸੰਧਾਵਾਲੀਆ, ਰੂਪ ਢਿੱਲੋਂ, ਸ਼ਿਵਦੀਪ ਢੇਸੀ ਤੇ ਹੋਰ ਬਹੁਤ ਸਾਰੇ ਚਿੰਤਕਾਂ ਨੇ ਭਾਗ ਲਿਆ। ਇਸ ਸੈਸ਼ਨ ਦੀ ਸੰਚਾਲਨਾ ਹਰਜੀਤ ਅਟਵਾਲ ਨੇ ਕੀਤੀ। ਸਮਾਗਮ ਦਾ ਦੂਜਾ ਭਾਗ ਕਵੀ ਦਰਬਾਰ ਰਿਹਾ ਜਿਸ ਦੀ ਮੰਚ ਸੰਚਾਲਨਾ ਸੁਰਿੰਦਰ ਸੀਹਰਾ ਨੇ ਕੀਤੀ। ਇਸ ਵਿੱਚ ਭਾਗ ਲੈਣ ਵਾਲੇ ਪ੍ਰਮੁੱਖ ਕਵੀਆਂ ਦੇ ਨਾਂਅ ਇਸ ਪ੍ਰਕਾਰ ਹਨ : ਬਲਵਿੰਦਰ ਮਠਾਰੂ, ਦਲਬੀਰ ਕੌਰ, ਭਿੰਦਰ ਜਲਾਲਾਬਾਦੀ, ਦਰਸ਼ਨ ਬੁਲੰਦਵੀ, ਨਰਿੰਦਰਪਾਲ ਕੌਰ, ਰਜਿੰਦਰ ਕੌਰ, ਰੂਪ ਢਿੱਲੋਂ, ਹਰਦੇਸ਼ ਬਸਰਾ, ਸ਼ੇਖਰ ਅਜ਼ੀਮ, ਸ਼ਮਸ਼ੇਰ ਸਿੰਘ ਰਾਏ, ਰਜਮੀਤ ਸਿੱਧੂ, ਸ਼ਗੁਫਤਾ ਗਿੰਮੀ, ਨੀਲਮ ਜੋਗਣ, ਮਨਜੀਤ ਪੱਡਾ, ਮਿੰਟੂ ਬਰਾੜ, ਅਮਰਜੋਤੀ, ਕਿੱਟੀ ਬੱਲ, ਬੇਅੰਤ ਕੌਰ, ਡਾ. ਅਜੀਤਪਾਲ ਸਿੰਘ, ਗੁਰਨਾਮ ਕੰਵਰ, ਗੁਰਨਾਮ ਗਰੇਵਾਲ, ਮਹਿੰਦਰਪਾਲ ਧਾਲੀਵਾਲ ਤੇ ਹੋਰ ਬਹੁਤ ਸਾਰੇ। ਇਹਨਾਂ ਤੋਂ ਬਿਨਾਂ ਹੋਰ ਵੀ ਬਹੁਤ ਸਾਰੇ ਪ੍ਰਸਿੱਧ ਵਿਅਕਤੀਆਂ ਨੇ ਇਸ ਸਮਾਗਮ ਵਿੱਚ ਹਾਜ਼ਰੀ ਲਗਵਾਈ, ਜਿਹਨਾਂ ਵਿੱਚੋਂ ਸਭ ਤੋਂ ਉਪਰ ਨਾਂਅ ਸਥਾਨਕ ਐੱਮ.ਪੀ. ਵਰਿੰਦਰ ਸ਼ਰਮਾ ਦਾ ਹੈ। ਇਹਨਾਂ ਤੋਂ ਬਿਨਾਂ ਮਿਸਟਰ ਲੋਧੀ, ਕੰਵਲ ਧਾਲੀਵਾਲ, ਰਘਬੀਰ ਸੰਧਾਵਾਲੀਆ, ਰੇਸ਼ਮ ਸਰਾਂ, ਆਤਮਾ ਬਰਾੜ, ਚਰਨਜੀਤ ਬੁਲੰਦਵੀ, ਅਜੀਤ ਸਿੰਘ ਆਦਿ ਦੇ ਨਾਂਅ ਜ਼ਿਕਰਯੋਗ ਹਨ। ਧੁੱਗਰਾਮ ਦੇ ਅਖੀਰ ਵਿੱਚ ਹਰਜੀਤ ਅਟਵਾਲ ਵੱਲੋਂ ਆਏ ਸਭ ਮਹਿਮਾਨਾਂ ਦਾ ਧੰਨਵਾਦ ਕੀਤਾ।

—ਹਰਜੀਤ ਅਟਵਾਲ

ਕਹਾਣੀ 'ਜਰੀਬ' 'ਤੇ ਵਿਚਾਰ-ਚਰਚਾ

ਖਰੜ-ਸੁਰ ਸਾਂਝ ਕਲਾ ਮੰਚ (ਰਜਿ.) ਖਰੜ ਵੱਲੋਂ ਪੰਜਾਬੀ ਸਾਹਿਤ ਸਭਾ, ਮੋਹਾਲੀ ਦੇ ਸਹਿਯੋਗ ਨਾਲ ਅੱਜ ਏਥੇ ਸੈਕਟਰ 69 ਦੀ ਲਾਇਬ੍ਰੇਰੀ ਵਿਚ ਅਣਛਪੀਆਂ ਰਚਨਾਵਾਂ 'ਤੇ ਅਧਾਰਿਤ ਪਲੇਠੀ ਬੈਠਕ ਤਹਿਤ ਉੱਘੀ ਕਹਾਣੀਕਾਰਾ ਤ੍ਰਿਪਤਾ ਕੇ. ਸਿੰਘ ਦੀ ਕਹਾਣੀ 'ਜਰੀਬ' 'ਤੇ ਵਿਚਾਰ ਚਰਚਾ ਕਰਵਾਈ ਗਈ। ਸਭ ਤੋਂ ਪਹਿਲਾਂ ਸਵੈਰਾਜ ਸੰਧੂ ਹੁਰਾਂ ਨੇ ਸਭ ਦਾ ਸੁਆਗਤ ਕੀਤਾ। ਇਸ ਤੋਂ ਬਾਅਦ ਤ੍ਰਿਪਤਾ ਕੇ. ਸਿੰਘ ਨੇ ਆਪਣੀ ਕਹਾਣੀ "ਜਰੀਬ" ਦਾ ਪਾਠ ਕੀਤਾ। ਚਰਚਾ ਦਾ ਆਗਾਜ਼ ਮਨਦੀਪ ਡਡਿਆਣਾ ਨੇ ਕੀਤਾ। ਉਹਨਾਂ ਕਿਹਾ ਕਿ ਇਸ ਕਹਾਣੀ ਦਾ ਨਾਂਅ "ਜਰੀਬ" ਹੋਣਾ ਹੀ ਆਪਣੇ ਆਪ ਵਿਚ ਵੱਡੀ ਗੱਲ ਹੈ। ਉਹਨਾਂ ਕਹਾਣੀ ਵਿਚਲੇ ਕਾਲ ਦੀ ਸਮੱਸਿਆ ਦੀ ਗੱਲ ਕੀਤੀ। ਬਲੀਜੀਤ ਨੇ ਕਿਹਾ ਕਿ ਇਸ ਕਹਾਣੀ ਵਿਚ ਜਰੀਬ ਆਖਰ ਤੱਕ ਔਰਤ ਦੇ ਜਿਸਮ ਨੂੰ ਮਿਣਦੀ ਤੁਰੀ ਜਾਂਦੀ ਹੈ; ਕਹਾਣੀ ਦੀ ਬੁਣਤੀ ਕਮਾਲ ਹੈ। ਉਹਨਾਂ ਅੱਗੇ ਕਿਹਾ ਕਿ ਇਹ ਕਹਾਣੀ ਗੰਭੀਰ ਪੜ੍ਹਤ ਦੀ ਮੰਗ ਕਰਦੀ ਹੈ। ਡਾ. ਸਵੈਰਾਜ ਸੰਧੂ ਨੇ ਆਪਣੀ ਗੱਲ ਕਰਦੇ ਹੋਏ ਇਸ ਕਹਾਣੀ ਨੂੰ ਕੇਂਦਰ ਵਿਚ ਰੱਖਦੇ ਹੋਏ, ਇਸ ਤਰ੍ਹਾਂ ਦੇ ਵਿਸ਼ਿਆਂ ਦੀਆਂ ਹੋਰ ਪੰਜਾਬੀ ਕਹਾਣੀਆਂ ਦਾ ਜ਼ਿਕਰ ਕੀਤਾ। ਇੰਦਰਜੀਤ ਨੇ ਕਿਹਾ ਕਿ ਇਹ ਵਧੀਆ ਕਹਾਣੀ ਹੈ, ਕਥਾਕਾਰਾਂ ਨੂੰ ਇਸ ਦੀ ਭਾਸ਼ਾ 'ਤੇ ਹੋਰ ਧਿਆਨ ਦੇਣਾ ਚਾਹੀਦਾ। ਸਤਨਾਮ ਸਿੰਘ ਸੋਕਰ ਨੇ ਕਿਹਾ ਕਿ ਇਸ ਤਰ੍ਹਾਂ ਦੀ ਕਹਾਣੀ ਕਹਿਣ ਲਈ ਲੇਖਕਾ ਨੂੰ ਵਧਾਈ ਦੇਣਾ ਬਣਦਾ ਹੈ। ਸਰੂਪ ਸਿਆਲਵੀ ਨੇ ਕਹਾਣੀ ਵਿਚਲੀ ਮਿੱਥ 'ਤੇ ਆਪਣੀ ਗੱਲ ਕੇਂਦਰਤ ਕੀਤੀ। ਸਰਦਾਰਾ ਸਿੰਘ ਚੀਮਾ ਹੁਰਾਂ ਕਿਹਾ ਕਿ ਕਹਾਣੀ ਵਿਚ ਮਰਦ-ਔਰਤ ਦਾ ਤਵਾਜ਼ਨ ਬਣਾਉਣ ਦੀ ਜ਼ਰੂਰਤ ਹੈ। ਦੀਪਤੀ ਬਬੂਟਾ ਨੇ ਕਹਾਣੀ ਨੂੰ ਚੰਗੀ ਕਹਿੰਦੇ ਹੋਏ ਵਾਧੂ ਸ਼ਬਦਾਂ 'ਤੇ ਤਵੱਜੋ ਦੇਣ ਦੀ ਗੱਲ ਕੀਤੀ। ਡਾ. ਸਰਬਜੀਤ ਸੋਹਲ ਨੇ ਕਿਹਾ ਕਿ ਇਹ ਕਹਾਣੀ ਸਾਰੇ ਕਾਲਾਂ ਵਿਚ ਫੈਲ ਜਾਂਦੀ ਹੈ ਅਤੇ ਔਰਤ ਦੀ ਦਿਸ਼ਾ ਤੇ ਦਸ਼ਾ ਬਾਰੇ ਗੱਲ ਕਰਦੀ ਹੈ। ਡਾ. ਦੀਪਕ ਮਨਮੋਹਨ ਨੇ ਕਿਹਾ ਕਿ ਉਹਨਾਂ ਸਾਰੀ ਚਰਚਾ ਦਾ ਆਨੰਦ ਮਾਣਿਆ, ਜੰਗ ਬਹਾਦੁਰ ਗੋਇਲ ਨੇ ਕਿਹਾ ਕਿ ਰਚਨਾਵਾਂ 'ਤੇ ਛਪਣ ਤੋਂ ਪਹਿਲਾਂ ਹੀ ਚਰਚਾ ਹੋਣੀ ਚਾਹੀਦੀ ਹੈ, ਬਾਅਦ ਵਿਚ ਨਵੀਂ ਬਹੂ ਵਾਂਗੂੰ ਸਭ ਨੇ ਸੋਹਣੀ ਹੀ ਕਹਿਣਾ ਹੁੰਦਾ ਹੈ। ਸੁਰਜੀਤ ਸੁਮਨ ਨੇ ਸਭ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ। ਮੰਚ ਸੰਚਾਲਨ ਜਗਦੀਪ ਸਿੱਧੂ ਨੇ ਕੀਤਾ।

ਗਦਰੀ ਕਿਰਪਾ ਸਿੰਘ ਬਾਰੇ ਕਿਤਾਬ ਰਿਲੀਜ਼

ਸੁਨਾਮ : ਇਤਿਹਾਸ ਦੇ ਅਣਗੌਲੇ ਨਾਇਕ ਗਦਰੀ ਕਿਰਪਾ ਸਿੰਘ ਬਾਰੇ ਖੋਜੀ ਇਤਿਹਾਸਕਾਰ ਰਾਕੇਸ਼ ਕੁਮਾਰ ਦੀ ਕਿਤਾਬ 'ਗਦਰ

ਪ੍ਰਤੀਨਿਧ ਮਿੰਨੀ ਕਹਾਣੀਆਂ

ਪੱਕਾ ਜੂੜ

"ਕਰਨੈਲ ਸਿੰਹਾਂ ਆਪਣੇ ਬਲਜੀਤ ਲਈ ਰਿਸ਼ਤਾ ਹੈ ਮੇਰੇ ਕੋਲ ਇੱਕ। ਜੇ ਕਹੋਂ ਤਾਂ ਗੱਲ ਤੋਰਾਂ? ਕੁੜੀ ਦਾ ਕੈਨੇਡਾ ਦੇ ਕਾਲਜ ਦਾ ਆਫਰ ਲੈਟਰ ਆਇਆ ਹੋਇਆ। ਏਜੰਟ ਕਹਿੰਦਾ ਕਾਲਜ ਦੀਆਂ ਫੀਸਾਂ ਭਰਨ ਤੇ ਹੋਰ ਕਾਗਜ਼ੀ ਕਾਰਵਾਈਆਂ ਪੂਰੀਆਂ ਕਰਨ ਸਾਰ ਵੀਜ਼ਾ ਆ ਜਾਣੈ।" ਰਿਸ਼ਤੇ ਕਰਵਾਉਣ ਦੇ ਮਾਹਰ ਬਚਿੰਤ ਸਿਹੁੰ ਨੇ ਕਰਨੈਲ ਸਿੰਘ ਕੋਲ ਮੰਜੇ 'ਤੇ ਬੈਠਦਿਆਂ ਕਿਹਾ।

"ਫੀਸਾਂ ਕਿੰਨੀਆਂ ਕੁ ਹੋਣਗੀਆਂ ਭਾਈ?" ਕਰਨੈਲ ਦੀ ਪਤਨੀ ਨੇ ਬਚਿੰਤ ਨੂੰ ਪੁੱਛਿਆ।

"ਫੀਸਾਂ ਤਾਂ ਭਾਈ ਬਾਕੀ ਤਾਂ ਭਰੇ ਤੋਂ ਪਤਾ ਲੱਗੂ, ਪਰ ਫਿਰ ਵੀ ਕਹਿੰਦੇ ਨੇ ਵੀ ਕੁੱਲ ਮਿਲਾ ਕੇ ਲੱਗੂਗਾ ਪੰਦਰਾਂ-ਅਠਾਰਾਂ ਲੱਖ ਰੁਪਈਆ।"

"ਐਂ ਤਾਂ ਬਚਿੰਤ ਸਿੰਹਾਂ ਕੁੜੀ ਦੀਆਂ ਟਿਕਟਾਂ ਬਗੈਰਾ ਤੇ ਹੋਰ ਨਿੱਕਾ-ਸੁੱਕਾ 'ਤੇ ਵੀ ਲੱਗੂ ਦੋ-ਢਾਈ ਲੱਖ ਰੁਪਈਆ।" ਕਰਨੈਲ ਸਿਹੁੰ ਬੋਲਿਆ।

"ਕਰਨੈਲ ਸਿੰਹਾਂ ਐਂ ਤਾਂ ਭਾਈ ਵਿਆਹ 'ਤੇ ਵੀ ਸਾਰਾ ਖਰਚਾ ਆਪਾਂ ਨੂੰ ਈ ਕਰਨਾ ਪੈਣਾ। ਕੁੜੀ ਵਾਲੇ ਕਹਿੰਦੇ ਅਸੀਂ ਤਾਂ ਕਰ ਨ੍ਹੀਂ ਸਕਦੇ।" ਬਚਿੰਤ ਸਿੰਘ ਨੇ ਗੱਲ ਹੋਰ ਸਪੱਸ਼ਟ ਕੀਤੀ।

"ਭਾਈ ਖਰਚਾ ਤਾਂ ਚਲ ਕਰ ਦੇਈਏ ਜਵਾਕ ਦੇ ਮੂੰਹ ਨੂੰ, ਪਰ ਡਰ ਲੱਗਦੈ ਵੀ ਕਿਤੇ ਸਾਰਾ ਕਰ-ਕਰਾ ਕੇ ਵੀ ਹੋਰ ਨਾ ਕੋਈ ਜਾਹ ਜਾਂਦੀ ਹੋ ਜਾਵੇ।" ਕਰਨੈਲ ਦੇ ਘਰ ਵਾਲੀ ਨੇ ਵਿਦੇਸ਼ੀ ਕੁੜੀਆਂ ਵੱਲੋਂ ਮੁੰਡੇ ਵਾਲਿਆਂ ਤੋਂ ਵਿਦੇਸ਼ੀ ਪੜ੍ਹਾਈ ਅਤੇ ਬਾਹਰ ਜਾਣ ਦੇ ਸਾਰੇ ਖਰਚਾ ਕਰਵਾ ਕੇ ਕੀਤੇ ਜਾਣ ਵਾਲੇ ਧੋਖਿਆਂ ਬਾਰੇ ਚਿੰਤਾ ਜ਼ਾਹਰ ਕੀਤੀ।

"ਹੋਰ ਬਚਿੰਤ ਯਾਰ ਡਰ ਬਹੁਤ ਲੱਗਦੈ। ਜਵਾਕਾਂ ਦਾ ਕੀ ਆ। ਵਿਦੇਸ਼ ਜਾ ਕੇ ਬਦਲ ਜਾਂਦੀਆਂ ਨੇ ਸੌਹਰੀਆਂ। ਮਾਪਿਆਂ ਤੇ ਸਹੁਰਿਆਂ ਦੀ ਇੱਜ਼ਤ ਦਾ ਭੋਰਾ ਖਿਆਲ ਨ੍ਹੀਂ ਕਰਦੀਆਂ। ਪਿੱਛੋਂ ਕੁਝ ਨੀ ਬਣਦਾ। ਅਨੇਕਾਂ ਕੇਸ ਵਾਪਰੇ ਨੇ ਆਪਣੇ ਨੇੜੇ-ਤੇੜੇ ਦੇ ਪਿੰਡਾਂ ਵਿੱਚ ਹੀ। ਨਾਲੇ ਪੈਸੇ ਜਾਂਦੇ ਆ ਨਾਲੇ ਜਵਾਕ ਖੋਹਣਾ ਪੈਂਦਾ।" ਕਰਨੈਲ ਸਿਹੁੰ ਮੱਥੇ 'ਤੇ ਚਿੰਤਾ ਦੇ ਨਿਸ਼ਾਨ ਉਘਾੜਦਾ ਬੋਲਿਆ।

"ਹੋਰ ਭਾਈ ਬਚਿੰਤ ਤੈਨੂੰ ਤਾਂ ਪਤਾ ਈ ਆ ਅੱਜਕੱਲ੍ਹ ਦੀਆਂ ਕੁੜੀਆਂ ਦਾ। ਵਿਦੇਸ਼ ਦੀ ਹਵਾ 'ਚ ਅਜਿਹਾ ਰੁੜ੍ਹਦੀਆਂ ਨੇ ਵੀ ਮੁੜ ਕੇ ਘਰ ਵਾਲੇ ਦਾ ਤਾਂ ਫੋਨ ਈ ਚੁੱਕਣੋਂ ਹਟ ਜਾਂਦੀਆਂ ਨੇ।" ਕਰਨੈਲ ਦੀ ਪਤਨੀ ਨੇ ਫ਼ਿਕਰ ਜ਼ਾਹਰ ਕੀਤਾ।

"ਵੇਖ ਕਰਨੈਲ ਸਿੰਹਾਂ ਬਾਕੀ ਤਾਂ ਰਹੀ ਕਰਮਾਂ ਦੀ ਗੱਲ, ਪਰ ਮੈਂ ਤਾਂ ਹੁਣ ਅਜਿਹੇ ਰਿਸ਼ਤਿਆਂ ਨੂੰ ਪੂਰ ਚੜ੍ਹਾਉਣ ਲਈ ਪੱਕਾ ਜੂੜ ਪਾਉਨਾ ਭਾਈ। ਕੁੜੀ ਵਾਲਿਆਂ ਤੋਂ ਪਹਿਲਾਂ ਕਿੱਲਾ ਜ਼ਮੀਨ ਦਾ ਮੁੰਡੇ ਵਾਲਿਆਂ ਦੇ ਨਾਂਅ ਲਿਖਾਉਨਾ। ਜੇ ਸਭ ਕੁਝ ਠੀਕ-ਠਾਕ ਰਹੇ ਤਾਂ ਦੋਵੇਂ ਧਿਰਾਂ ਵਸਣ-ਰਸਣ, ਪਰ ਜੇ ਕੁੜੀ ਵਾਲੇ ਪੰਜ ਤਿੰਨ ਕਰਨ ਤਾਂ ਮੁੰਡੇ ਵਾਲੇ ਕਿੱਲਾ ਜ਼ਮੀਨ ਦਾ ਸਾਂਭ ਲੈਣਗੇ। ਆਪਾਂ ਵੀ ਐ ਈ ਪੱਕਾ ਜੂੜ ਪਾਵਾਂਗੇ ਅਗਲਿਆਂ ਦੇ। ਜੇ ਵਿਚਾਰ ਹੋਇਆ ਤਾਂ ਇੱਕ-ਦੋ ਦਿਨਾਂ 'ਚ ਫੋਨ ਕਰ ਦਿਓ ਮੈਨੂੰ" ਕਹਿ ਬਚਿੰਤ ਸਿਹੁੰ ਮੋਟਰਸਾਈਕਲ ਦੀ ਕਿੱਕ ਮਾਰ ਤੁਰ ਗਿਆ।

"ਕਿਹੋ ਜਿਹਾ ਚੰਦਰਾ ਸਮਾਂ ਆ ਗਿਆ। ਨਿਭਾਉਣ ਲਈ ਰਿਸ਼ਤਿਆਂ ਨੂੰ ਮੋਹ-ਮੁਹੱਬਤ ਦੀਆਂ ਤੰਦਾਂ ਪਾਉਣ ਦੀ ਬਜਾਏ ਪੱਕੇ ਜੂੜ ਪਾਉਣੇ ਪੈ ਰਹੇ ਨੇ।" ਸੋਚਦੇ ਕਰਨੈਲ ਸਿੰਘ ਨੇ ਪਤਨੀ ਨੂੰ ਚਾਹ ਦੀ ਘੁੱਟ ਹੋਰ ਬਣਾਉਣ ਲਈ ਆਵਾਜ਼ ਮਾਰੀ, "ਸਰਦਾਰਨੀਏ ਆਹ ਚਾਹ ਦੀ ਘੁੱਟ ਹੋਰ ਬਣਾ ਕਰੜੀ ਜਿਹੀ। ਸੋਚ-ਸੋਚ ਕੇ ਮੇਰਾ ਤਾਂ ਸਿਰ ਪਾਟਣ ਆਲਾ ਹੋ ਗਿਆ।"

- ਬਿੰਦਰ ਸਿੰਘ ਖੁੱਡੀ ਕਲਾਂ

ਕਾਕੇ ਦੀ ਫੋਟੋ

ਗੱਪੂ ਟੇਸ਼ਨ ਵਾਲੇ ਕੌਲੀਚੱਟ ਬਾਬੇ ਦੀਆਂ ਅੰਧ-ਵਿਸ਼ਵਾਸੀ ਗੱਲਾਂ ਉਪਰ ਵਿਸ਼ਵਾਸ ਕਰਦਿਆਂ ਦੋ ਮਾਸੂਮ ਧੀਆਂ ਦੀ ਮਾਂ 'ਬਲਬੀਰੋ' ਨੇ ਅਗਲੇ ਭਵਿੱਖ ਵਿੱਚ ਪੁੱਤਰ ਜੰਮਣ ਦੀ ਝਾਕ ਨੂੰ ਮੁੱਖ ਰੱਖ ਅੱਜ ਆਪਣੇ ਬੈੱਡਰੂਮ ਵਿੱਚ ਇੱਕ ਨੰਗ-ਧੜੰਗ ਨੰਨ੍ਹੇ-ਮੁੰਨੇ ਜਿਹੇ ਕਾਕੇ ਦੀ ਫੋਟੋ (ਮਤਲਬ ਲੜਕੇ ਦੀ ਫੋਟੋ) ਵਾਲੇ ਕੈਲੰਡਰ ਨੂੰ ਉੱਚਾ ਅਤੇ ਆਪਣੇ ਬੈੱਡਾਂ ਦੇ ਸਾਹਮਣੇ ਕਰਕੇ ਕੰਧ ਉਪਰ ਟੰਗ ਦਿੱਤਾ ਸੀ ਅਤੇ ਉਹ ਬੈੱਡਾਂ ਉਪਰ ਬੈਠੀ ਹੋਈ 6 ਕੁ ਮਹੀਨੇ ਦੀ ਛੋਟੀ ਬੇਟੀ ਨੂੰ ਆਪਣੀ ਛਾਤੀ 'ਚੋਂ ਦੁੱਧ ਚੁੰਘਾ ਰਹੀ ਸੀ। ਤਦ ਉਸ ਦੀ 5 ਕੁ ਸਾਲ ਦੀ ਵੱਡੀ ਬੇਟੀ 'ਰਜਨੀ' ਵੀ ਸਕੂਲੋਂ ਪੜ੍ਹ ਕੇ ਜਿਉਂ ਹੀ ਕਮਰੇ ਅੰਦਰ ਆਈ ਤਾਂ ਉਹ ਮਾਂ ਦੇ ਬਰਾਬਰ ਬੈਠ ਨਾਲੇ ਚਾਹ ਪੀਂਦੀ ਰਹੀ, ਨਾਲੋਂ-ਨਾਲ ਕਾਫ਼ੀ ਦੇਰ ਤੱਕ ਚੁੱਪ-ਚਾਪ ਕਾਕੇ ਵਾਲੀ ਫੋਟੋ ਨੂੰ ਨਿਹਾਰਦੀ ਰਹੀ।

ਚਾਹ ਪੀਣ ਉਪਰੰਤ ਉਹ ਰੋਜ਼ਾਨਾ ਵਾਂਗ ਆਪਣੀ ਮਾਂ ਕੋਲੋਂ ਦਸ ਰੁਪਏ ਦਾ ਨੋਟ ਲੈ ਕੇ ਮਿੰਟੂ ਕਰਿਆਨੇ ਵਾਲੇ ਦੀ ਦੁਕਾਨ 'ਤੇ ਪਹੁੰਚ ਅੱਜ ਉਹ ਕੁਰਕੁਰੇ ਦਾ ਲਿਫ਼ਾਫਾ ਲੈਣ ਦੀ ਬਜਾਏ ਆਪਣੀ ਇੱਛਾ ਅਨੁਸਾਰ ਫੋਟੋ ਵਾਲੇ ਕੈਲੰਡਰ ਦੀ ਮੰਗ ਕਰਨ ਲੱਗੀ। ਦੁਕਾਨਦਾਰ ਵੱਲੋਂ ਜਵਾਬ ਮਿਲਣ 'ਤੇ ਉਹ ਉਦਾਸ ਹੋ ਦੁਬਾਰਾ ਫਿਰ ਬੈੱਡਾਂ ਉਪਰ ਜਾ ਬੈਠੀ ਸੀ। ਅੱਜ ਕੁਰਕੁਰੇ ਨਾ ਲਿਆਉਣ ਬਾਰੇ ਮਾਂ ਵੱਲੋਂ ਪੁੱਛੇ ਗਏ ਸਵਾਲ ਦਾ ਵੀ ਉਸ ਨੇ ਕੋਈ ਢੁੱਕਵਾਂ ਜਵਾਬ ਨਹੀਂ ਸੀ ਦਿੱਤਾ।

ਹੁਣ ਉਹ ਚੁੱਪ-ਚਾਪ ਸਕੂਲ ਦਾ ਕੰਮ ਕਰ ਰਹੀ ਸੀ। ਮਾਂ ਨੇ ਛੋਟੀ ਮਾਸੂਮ ਬੇਟੀ ਨੂੰ ਰਜਨੀ ਕੋਲ ਬੈੱਡਾਂ ਉਪਰ ਲਿਟਾ ਕੇ ਸ਼ਾਮ ਦੀ ਰੋਟੀ ਦਾ ਕੰਮ ਸ਼ੁਰੂ ਕਰ ਦਿੱਤਾ ਸੀ। ਕੁਝ ਚਿਰ ਬਾਅਦ ਕੈਲਾਸ਼ ਆਪਣੀ ਧੀ ਕੋਲ ਆ ਕੇ ਕਹਿਣ ਲੱਗੀ, 'ਪੁੱਤ ਪਰ੍ਹੇ ਨੂੰ ਫਟਾਫਟ ਪਾਸਾ ਮਾਰ.. ਆਪਾਂ ਦੋਵੇਂ ਮਾਂਵਾਂ-ਧੀਆਂ ਗਰਮ -ਗਰਮ ਰੋਟੀ ਖਾ ਲਈਏ। ਫੇਰ ਜਦੋਂ ਤੇਰੇ ਡੈਡੀ ਜੀ ਆ ਗਏ, ਉਦੋਂ ਮੈਂ ਉਨ੍ਹਾਂ ਨੂੰ ਗਰਮ-ਗਰਮ ਰੋਟੀ ਪਕਾ ਦੇਵਾਂਗੀ।'

ਦੋਵੇਂ ਮਾਂਵਾਂ-ਧੀਆਂ ਜਦੋਂ ਰੋਟੀ ਖਾਅ ਰਹੀਆਂ ਸਨ ਤਾਂ ਬਲਬੀਰੋ ਦੀ ਨਿਗ੍ਹਾ ਜਿਉਂ ਹੀ ਕਾਕੇ ਦੀ ਫੋਟੋ ਵੱਲ ਨੂੰ ਵੱਜੀ ਤਾਂ ਉਸ ਦੇ ਮੂੰਹ ਵਿੱਚ ਪਾਈ ਬੁਰਕੀ ਇੱਕਦਮ ਫੁੱਲ ਕੇ ਸੰਘ ਵਿੱਚ ਫਸ ਗਈ ਸੀ, ਕਿਉਂਕਿ ਕਾਕੇ ਦੀ ਫੋਟੋ ਦੇ ਹੇਠਾਂ ਡਰਾਇੰਗ ਕਾਪੀ ਦੇ ਪੇਜ ਉਪਰ ਬਣੀ ਹੋਈ ਇੱਕ ਹੋਰ ਬੱਚੇ ਦੀ ਫੋਟੋ ਲੱਗੀ ਹੋਈ ਸੀ। ਜਿਸ ਫੋਟੋ ਹੇਠਾਂ ਲਿਖਿਆ ਹੋਇਆ ਸੀ। ਚਿੱਤਰਕਾਰ... ਰਜਨੀ, ਜਮਾਤ ਪਹਿਲੀ, ਸਕੂਲ...! ਅਤੇ ਇਹ ਫੋਟੋ ਇੱਕ ਲੜਕੀ ਦੀ ਸੀ। ਉਸ ਦੇ ਸਿਰ 'ਤੇ ਵਾਲਾਂ ਦੀਆਂ ਨਿੱਕੀਆਂ- ਨਿੱਕੀਆਂ ਮੀਡੀਆਂ ਕੀਤੀਆਂ ਹੋਈਆਂ ਸਨ ਅਤੇ ਦੋਵੇਂ ਬਾਹਾਂ ਵਿੱਚ ਦੋ ਕਾਲੇ ਰੰਗ ਦੀਆਂ ਚੂੜੀਆਂ ਪਾਈਆਂ ਹੋਈਆਂ ਸਨ, ਪਰ ਜਿਸ ਦਾ ਬਾਕੀ ਸਰੀਰ ਬਿਲਕੁਲ ਤਾਂ ਨੰਗਾ ਸੀ, ਪ੍ਰੰਤੂ ਉਸ ਦੇ ਤੇੜ ਕੱਛੀ ਜ਼ਰੂਰ ਪਾਈ ਹੋਈ ਸੀ।

ਫੋਟੋ ਤੱਕਦਿਆਂ-ਤੱਕਦਿਆਂ ਹੀ ਬਲਬੀਰੋ ਫਟਾਫਟ ਬੈੱਡਾਂ ਉਪਰ ਖੜੀ ਹੋਈ ਅਤੇ ਉਸ ਨੇ ਸਿਰਫ਼ ਇਕੱਲੀ ਕਾਕੇ ਦੀ ਫੋਟੋ ਨੂੰ ਉਤਾਰ ਕੇ ਕੀਚਰ-ਕੀਚਰ ਕਰ ਦਿੱਤਾ ਅਤੇ ਆਪਣੀਆਂ ਦੋਵੇਂ ਮਾਸੂਮ ਬੇਟੀਆਂ ਨੂੰ ਘੁੱਟ ਕੇ ਕਲਾਵੇ ਵਿੱਚ ਲੈਂਦਿਆਂ ਛਾਤੀ ਨਾਲ ਲਗਾ ਲਿਆ ਸੀ।

- ਡਾ. ਸਾਧੂ ਰਾਮ ਲੰਗੇਆਣਾ

ਵੀਰ

ਕੈਪਟਨ ਹਰਜੀਤ ਸਿੰਘ ਦੀ ਪਿਛਲੇ ਦਿਨੀਂ ਐਕਸੀਡੈਂਟ ਵਿਚ ਮੌਤ ਹੋ ਗਈ ਸੀ। ਉਹਨਾਂ ਦੀ ਆਤਮਿਕ ਸ਼ਾਂਤੀ ਲਈ ਰੱਖੇ ਪਾਠ ਦੇ ਭੋਗ ਤੋਂ ਬਾਅਦ ਪਰਵਾਰ, ਰਿਸ਼ਤੇਦਾਰ ਤੇ ਪਿੰਡ ਦੇ ਪਤਵੰਤੇ ਲੋਕ ਇਕੱਠੇ ਹੋਏ। ਬੈਂਕ ਵਿਚ ਫ਼ੀਲਡ ਅਫ਼ਸਰ ਲੱਗੀ, ਕੈਪਟਨ ਦੀ ਵਿਧਵਾ ਪਤਨੀ ਮਨਜੀਤ ਸਫ਼ੈਦ ਕੱਪੜੇ ਪਾਈ ਗੁੰਮਸੁੰਮ ਬੈਠੀ ਸੀ। ਉਸ ਨੂੰ ਪਤਾ ਸੀ ਕਿ ਇਹ ਇਕੱਠ ਕਿਸ ਲਈ ਹੋਇਆ ਹੈ। ਉਹ ਚਾਹੁੰਦੀ ਤਾਂ ਆਪਣੇ ਭਵਿੱਖ ਸੰਬੰਧੀ ਫੈਸਲਾ ਆਪ ਕਰ ਸਕਦੀ ਸੀ, ਪਰ ਹਰਜੀਤ ਦੇ ਪਰਵਾਰ ਨੇ ਉਸ ਨੂੰ ਬਹੁਤ ਸਤਿਕਾਰ ਦਿੱਤਾ ਸੀ। ਉਸ ਨੂੰ ਧਿਆਨ ਵਿਚ ਰੱਖ ਕੇ ਉਸ ਨੇ ਫੈਸਲਾ ਪਰਵਾਰ ਉੱਤੇ ਛੱਡ ਦਿੱਤਾ ਸੀ।

ਮਨਜੀਤ ਦੀਆਂ ਨਨਾਣਾਂ ਕਈ ਦਿਨਾਂ ਤੋਂ ਉਸ ਨੂੰ ਆਪਣੇ ਵੱਡੇ ਵੀਰ ਗੁਰਨਾਮ ਸਿੰਘ ਦੇ ਘਰ ਬਹਿ ਜਾਣ ਲਈ ਜ਼ੋਰ ਪਾ ਰਹੀਆਂ ਸਨ। ਗੁਰਨਾਮ ਸਿੰਘ ਸਕੂਲ ਵਿਚ ਅਧਿਆਪਕ ਸੀ ਤੇ ਸ਼ਾਦੀਸ਼ੁਦਾ ਸੀ। ਗੁਰਨਾਮ ਦੀ ਪਤਨੀ ਦੀ ਰਜ਼ਾਮੰਦੀ ਤੋਂ ਬਾਅਦ ਫੈਸਲਾ ਹੋਇਆ ਕਿ ਮਨਜੀਤ ਆਪਣੇ ਜੇਠ ਗੁਰਨਾਮ ਸਿੰਘ ਦੇ ਘਰ ਬੈਠ ਜਾਵੇ।

ਪਰ ਗੁਰਨਾਮ ਫੈਸਲੇ ਨਾਲ ਸਹਿਮਤ ਨਹੀਂ ਸੀ। ਉਹ ਬੋਲਿਆ, "ਜਿਹੜੀ ਮਨਜੀਤ ਪਿਛਲੇ ਪੰਜ ਵਰ੍ਹਿਆਂ ਤੋਂ ਮੈਨੂੰ 'ਵੀਰ ਜੀ-ਵੀਰ ਜੀ' ਕਹਿੰਦੀ ਆ ਰਹੀ ਐ, ਉਹ ਤਾਂ ਮੇਰੇ ਲਈ ਭੈਣਾਂ ਵਰਗੀ ਐ ਮੈਂ ਕਿਸ ਤਰ੍ਹਾਂ ਅੱਜ ਉਹਨੂੰ ਆਪਣੀ ਪਤਨੀ ਮੰਨ ਲਵਾਂ?"

ਉਸ ਦੀ ਗੱਲ ਸੁਣ ਸਭ ਹੈਰਾਨ ਸਨ। ਉਹਨਾਂ ਨੂੰ ਕੋਈ ਜਵਾਬ ਨਹੀਂ ਸੀ ਸੁੱਝ ਰਿਹਾ।

ਤਦ ਗੁਰਨਾਮ ਫਿਰ ਬੋਲਿਆ, "ਹਰਜੀਤ ਦੇ ਮਿੱਤਰ ਕੈਪਟਨ ਗੁਰਜੀਤ ਸਿੰਘ ਨੂੰ ਅਸੀਂ ਸਭ ਚੰਗੀ ਤਰ੍ਹਾਂ ਜਾਣਦੇ ਆਂ। ਉਹ ਅਜੇ ਕੁਆਰੇ ਹਨ। ਜੇਕਰ ਮਨਜੀਤ ਨੂੰ ਮਨਜ਼ੂਰ ਹੋਵੇ ਤਾਂ ਉਹ ਇਸ ਨਾਲ ਵਿਆਹ ਕਰਾਉਣ ਲਈ ਤਿਆਰ ਹਨ।"

ਗੁਰਨਾਮ ਨੇ ਆਪਣੀ ਭੈਣ ਦੀ ਤਰ੍ਹਾਂ ਮਨਜੀਤ ਨੂੰ ਗੁਰਜੀਤ ਸਿੰਘ ਦੇ ਲੜ ਲਾ ਦਿੱਤਾ।

- ਸਰਵਨ ਸਿੰਘ ਪਤੰਗ

ਸੰਤੁਸ਼ਟੀ

ਦਰੱਖਤ ਦੀ ਛਾਂ ਹੇਠ ਲੇਟ ਕੇ ਖਰਬੂਜ਼ੇ ਵੇਚ ਰਹੇ ਬਜ਼ੁਰਗ ਨੂੰ ਇਕ ਆਦਮੀ ਨੇ ਪੁੱਛਿਆ, "ਖਰਬੂਜ਼ੇ ਕਿਸ ਭਾਅ ਵੇਚੇ ਜਾ ਰਹੇ ਨੇ?"

ਬਜ਼ੁਰਗ ਨੇ ਲੇਟਿਆਂ ਹੀ ਉੱਤਰ ਦਿੱਤਾ, "ਪੰਜਾਹ ਪੈਸੇ ਦਾ ਇਕ ਐ, ਕੋਈ ਲੈ ਲਓ।"

ਉਹ ਆਦਮੀ ਬਹੁਤ ਹੈਰਾਨ ਹੋਇਆ। ਉਸ ਨੇ ਬਜ਼ੁਰਗ ਨੂੰ ਕਿਹਾ, "ਤੁਹਾਨੂੰ ਇਕ ਸਲਾਹ ਦਿਆਂ। ਤੁਸੀਂ ਖਰਬੂਜ਼ੇ ਬੈਠ ਕੇ ਵੇਚਿਆ ਕਰੋ।"

ਬਜ਼ੁਰਗ ਨੇ ਪੁੱਛਿਆ, "ਬੈਠ ਕੇ ਖਰਬੂਜ਼ੇ ਵੇਚਣ ਨਾਲ ਕੀ ਹੋਏਗਾ?"

ਆਦਮੀ ਬੋਲਿਆ, "ਬੈਠ ਕੇ ਖਰਬੂਜ਼ੇ ਧਿਆਨ ਨਾਲ ਵੇਚੋ ਤਾਂ ਇਨ੍ਹਾਂ ਵਿੱਚੋਂ ਕੁਝ ਇਕ ਰੁਪਏ ਦੇ ਤੇ ਕੁਝ ਇਸ ਤੋਂ ਵੀ ਵੱਧ ਦੇ ਵਿਕ ਸਕਦੇ ਹਨ। ਇਸ ਤਰ੍ਹਾਂ ਤੁਸੀਂ ਰੋਜ਼ ਬਹੁਤ ਪੈਸੇ ਕਮਾ ਸਕਦੇ ਹੋ ਤੇ ਇੱਥੇ ਇਕ ਪੱਕੀ ਦੁਕਾਨ ਖੜੀ ਕਰਨ ਦੇ ਯੋਗ ਹੋ ਸਕਦੇ ਹੋ।"

"ਗੱਲ ਤਾਂ ਤੇਰੀ ਠੀਕ ਐ। ਪਰ ਦੁਕਾਨ 'ਚ ਮੈਂ ਕੀ ਕਰਾਂਗਾ?"

"ਦੁਕਾਨ 'ਚ ਬਹਿ ਕੇ ਤੁਸੀਂ ਆਰਾਮ ਨਾਲ ਖਰਬੂਜ਼ੇ ਵੇਚ ਸਕੋਗੇ।"

ਬਜ਼ੁਰਗ ਕੁਝ ਦੇਰ ਉਸ ਆਦਮੀ ਦੇ ਚਿਹਰੇ ਵੱਲ ਵੇਖਦਾ ਰਿਹਾ ਤੇ ਫਿਰ ਬੋਲਿਆ, "ਫਿਰ ਆਰਾਮ ਕਿੱਥੇ ਰਹਿਣੈ। ਆਰਾਮ ਨਾਲ ਤਾਂ ਮੈਂ ਹੁਣ ਖਰਬੂਜ਼ੇ ਵੇਚ ਰਿਹੈਂ।"

- ਸੁਖਵੰਤ ਮਰਵਾਹਾ

ਅਨੁਸ਼ਾਸਨ

ਸਕੂਲ ਦੇ ਅੱਧ ਤੋਂ ਵੱਧ ਵਿਦਿਆਰਥੀ ਅੱਜ ਸਵੇਰ ਤੋਂ ਹੀ ਗੈਰ-ਹਾਜ਼ਰ ਸਨ। ਕੁਝ ਹੋਰ ਅੱਧੀ ਛੁੱਟੀ ਤੋਂ ਬਾਅਦ ਨਾ ਆਏ। ਹੁਣ ਬਹੁਤ ਘੱਟ ਬੱਚੇ ਹੀ ਬਾਕੀ ਰਹਿ ਗਏ ਸਨ।

ਵਿਹਲੇ ਹੋਏ ਮਾਸਟਰ ਕੁਰਸੀਆਂ ਜੋੜ ਕੇ ਬਾਹਰ ਦਰੱਖਤਾਂ ਹੇਠ ਗੱਪਾਂ ਮਾਰਨ ਲੱਗੇ ਸਨ।

"ਯਾਰ ਆਹ ਜੁਆਕਾਂ ਨੇ ਬੜਾ ਲਹੂ ਪੀਤੈ ਚੌਥੇ ਕੁ ਦਿਨ ਅੱਧੀ ਛੁੱਟੀ ਮਨਾ ਲੈਂਦੇ ਐ ਕੋਈ ਅਨੁਸ਼ਾਸਨ ਹੀ ਨਹੀਂ ਰਿਹਾ।" ਸਾਇੰਸ ਮਾਸਟਰ ਨੇ ਜਿਵੇਂ ਭੜਾਸ ਕੱਢੀ।

"ਹਾਂ ਯਾਰ ਇੱਕ ਤਾਂ ਸਰਕਾਰ ਪਹਿਲਾਂ ਈ ਬਥੇਰੀਆਂ ਛੁੱਟੀਆਂ ਕਰਦੀ ਐ ਤੇ ਦੂਜਾ ਆਹ ਕਲਾਕਾਰ ਜੇ ਰੋਜ਼ ਕਿਤੇ ਨਾ ਕਿਤੇ 'ਖਾੜੇ ਲਾਈ ਰੱਖਦੇ ਨੇ।"

"ਭੱਠਾ ਬਹਿ ਗਿਆ ਪੜ੍ਹਾਈ ਦਾ ਤੇ ਨਾ ਰਿਹੈ ਅਨੁਸ਼ਾਸਨ।" ਡੀ.ਐੱਮ. ਨੇ ਦੂਜੇ ਦੀ ਹਾਂ ਵਿੱਚ ਹਾਂ ਮਿਲਾਈ। ਇਸ ਦੌਰਾਨ ਸੇਵਾਦਾਰ ਪ੍ਰਿੰਸੀਪਲ ਦਾ ਹੁਕਮ ਲਈ ਮਾਸਟਰਾਂ ਕੋਲ ਆ ਗਿਆ ਸੀ।

"ਸਾਰੀਆਂ ਜਮਾਤਾਂ ਦੇ ਵਿਦਿਆਰਥੀਆਂ ਦੀ ਹਾਜ਼ਰੀ ਲਗਾ ਕੇ ਗੈਰ-ਹਾਜ਼ਰਾਂ ਦੇ ਰੋਲ ਨੰਬਰ ਦਫਤਰ ਭੇਜੇ ਜਾਣ।" ਐੱਸ.ਐੱਲ.ਏ. ਨੇ ਹੁਕਮ ਸਾਰਿਆਂ ਨੂੰ ਪੜ੍ਹ ਕੇ ਸੁਣਾਇਆ।

"ਲੈ ਮੱਲੋ ਭੇਜਤਾ ਹੁਕਮ ਬਸ ਹੁਣ ਸਾਰਿਆਂ ਨੂੰ ਫਾਹੇ ਲਾ ਕੇ ਹਟੂ ਜਾਗ ਪਿਆ ਅਨੁਸ਼ਾਸਨ।" ਪੰਜਾਬੀ ਮਾਸਟਰ ਨੇ ਪ੍ਰਿੰਸੀਪਲ 'ਤੇ ਟਕੋਰ ਕੀਤੀ।

ਫਿਰ ਹਾਜ਼ਰ ਵਿਦਿਆਰਥੀ ਮਾਸਟਰਾਂ ਨੂੰ ਆਖ ਰਹੇ ਸਨ, "ਸਰ ਸਾਰੇ ਭੱਜਗੇ।"

"ਹਾਂ ਸਰ, ਅਸੀਂ ਵੀ ਦਸ ਕੁ ਰਹਿ ਗਈਆਂ ਤੇ ਨਾ ਹੀ ਸਵੇਰ ਦਾ ਕੋਈ ਪੀਰੀਅਡ ਲੱਗਿਐ ਸਰ ਸਾਨੂੰ ਵੀ ਭੇਜ ਦਿਓ!" ਲੜਕੀਆਂ ਨੇ ਵੀ ਮੰਗ ਕੀਤੀ।

"ਇੰਜ ਕਿਵੇਂ ਹੋ ਸਕਦੈ। ਅਸੀਂ ਕਿਵੇਂ ਤੋੜ ਸਕਦੇ ਹਾਂ ਅਨੁਸ਼ਾਸਨ" ਡੀ.ਪੀ. ਮਾਸਟਰ ਧੌਣਾ ਸਿੰਘ ਨੇ ਰੋਅਬ ਛਾਂਟਿਆ।

ਸਹਿਮੇ ਬੱਚੇ ਤੁਰਨ ਲੱਗੇ ਤਾਂ ਸਕੂਲ ਦੇ ਇੱਕ ਪ੍ਰਭਾਵੀ ਮਾਸਟਰ ਨੇ ਉਹਨਾਂ ਨੂੰ ਹੌਲੀ ਦੇਣੇ ਕਿਹਾ, "ਓ ਭਾਈ ਇਹ ਗੱਲਾਂ ਆਏਂ ਨੀ ਪੁੱਛਿਆ ਕਰਦੇ ਅਸੀਂ ਆਪਣੇ ਮੂੰਹੋਂ ਇਹ ਖੁੱਲ੍ਹੇ ਐਲਾਨ ਕਿਵੇਂ ਅੱਛਾ ਜੇ ਜਾਣੈ ਤਾਂ ਜ਼ਰਾ ਅੱਖ ਬਚਾ ਕੇ ਦੋ-ਦੋ, ਚਾਰ-ਚਾਰ ਦੀਆਂ ਟੋਲੀਆਂ 'ਚ ਚੁੱਪਚਾਪ ਗੇਟ ਲੰਘ ਜਾਓ।"

ਬੱਚੇ ਹੌਲੀ ਦੇਣੇ ਸਕੂਲੋਂ ਖਿਸਕਣ ਲੱਗੇ। ਮਾਸਟਰਾਂ ਨੇ ਕੁਰਸੀਆਂ ਗੇਟ ਤੋਂ ਉਹਲੇ ਕਰ ਲਈਆਂ ਸਨ। ਸਕੂਲ ਖਾਲੀ ਹੋ ਗਿਆ। ਪ੍ਰਿੰਸੀਪਲ ਨੇ ਸਾਰੀਆਂ ਜਮਾਤਾਂ ਦਾ ਚੱਕਰ ਲਗਾਇਆ ਤੇ ਫਿਰ ਉਸ ਨੇ ਸਕੂਲ ਅਨੁਸ਼ਾਸਨ ਦੇ ਸਬੰਧ ਵਿੱਚ ਆਪਣੇ ਦਫ਼ਤਰ ਸਟਾਫ਼ ਦੀ ਹੰਗਾਮੀ ਮੀਟਿੰਗ ਸੱਦ ਲਈ ਸੀ।

**- ਰਮੇਸ਼ ਤਾਂਗ

24-Sep-Sunday.qxd 9/23/2023 9:52 PM Page 2

ਚੇਤਨਾ ਵਿਗਿਆਨ

ਆਰਟੀਫੀਸ਼ੀਅਲ ਇੰਟੈਲੀਜੈਂਸ ਤੇ ਇਸ ਦਾ ਪੰਜਾਬੀ ਸੱਭਿਆਚਾਰ 'ਤੇ ਪ੍ਰਭਾਵ

ਡਾ. ਦੇਵਿੰਦਰ ਪਾਲ ਸਿੰਘ

ਆਰਟੀਫੀਸ਼ੀਅਲ ਇੰਟੈਲੀਜੈਂਸ (ਏ ਆਈ) ਇੱਕ ਅਜਿਹੀ ਤਕਨਾਲੋਜੀ ਹੈ, ਜੋ ਮਸ਼ੀਨਾਂ ਨੂੰ ਸੂਝਵਾਨ ਬਣਾਉਂਦੀ ਹੈ, ਤਾਂ ਜੋ ਉਹ ਅਜਿਹੇ ਕੰਮ ਕਰ ਸਕਣ, ਜਿਨ੍ਹਾਂ ਲਈ ਆਮ ਤੌਰ ਉੱਤੇ ਮਨੁੱਖੀ ਸੂਝ-ਬੂਝ ਦੀ ਲੋੜ ਹੁੰਦੀ ਹੈ। ਇਹ ਕੰਪਿਊਟਰਾਂ ਅਤੇ ਰੋਬੋਟਾਂ ਨੂੰ ਮਨੁੱਖਾਂ ਵਾਂਗ ਸੋਚਣ, ਸਿੱਖਣ ਅਤੇ ਫੈਸਲੇ ਲੈਣ ਦੀ ਯੋਗਤਾ ਦੇਣ ਵਾਂਗ ਹੈ। ਏ ਆਈ ਗਿਆਨ ਅਤੇ ਅੰਕੜਿਆਂ ਦੀ ਜਾਣਕਾਰੀ ਰਾਹੀਂ ਮਸ਼ੀਨਾਂ ਨੂੰ ਸਿਖਲਾਈ ਪ੍ਰਦਾਨ ਕਰਦੀ ਹੈ। ਜਿਵੇਂ ਅਸੀਂ ਆਪਣੇ ਤਜਰਬਿਆਂ ਤੋਂ ਸਿੱਖਦੇ ਹਾਂ, ਮਸ਼ੀਨਾਂ ਉਨ੍ਹਾਂ ਦੁਆਰਾ ਪ੍ਰਾਪਤ ਕੀਤੀ ਜਾਣਕਾਰੀ ਤੋਂ ਸਿੱਖਦੀਆਂ ਹਨ। ਏ ਆਈ ਦੀ ਬਦੌਲਤ ਇਹ ਮਸ਼ੀਨਾਂ ਪੈਟਰਨਾਂ ਨੂੰ ਪਛਾਨਣ, ਬੋਲੀ ਜਾ ਰਹੀ ਭਾਸ਼ਾ ਨੂੰ ਸਮਝਣ, ਚਿੱਤਰਾਂ ਨੂੰ ਦੇਖਣ ਤੇ ਸਮਝਣ ਦੀ ਯੋਗਤਾ ਪ੍ਰਾਪਤ ਕਰ ਲੈਂਦੀਆਂ ਹਨ ਅਤੇ ਆਪਣੇ ਗਿਆਨ ਦੇ ਆਧਾਰ ਉੱਤੇ ਸੰਭਾਵੀ ਨਤੀਜਿਆ ਦੀ ਭਵਿੱਖਬਾਣੀ ਵੀ ਕਰ ਸਕਦੀਆਂ ਹਨ।

ਸਾਡੇ ਰੋਜ਼ਾਨਾ ਜੀਵਨ 'ਚ ਏ ਆਈ

ਏ ਆਈ ਸਾਡੇ ਰੋਜ਼ਾਨਾ ਜੀਵਨ ਦੇ ਵੱਖ-ਵੱਖ ਪਹਿਲੂਆਂ ਵਿੱਚ ਦਾਖਲ ਹੋ ਚੁੱਕੀ ਹੈ। ਇਸ ਦੀ ਵਰਤੋਂ ਕਈ ਉਤਪਾਦਨ ਕਾਰਜਾਂ ਅਤੇ ਸੁਵਿਧਾਵਾਂ ਵਿੱਚ ਦੇਖੀ ਜਾ ਸਕਦੀ ਹੈ। ਆਓ, ਏ ਆਈ ਦੇ ਕੁਝ ਆਮ ਵਰਤੋਂ ਵਿਚ ਮੌਜੂਦ ਲਾਭਾਂ ਦੀ ਗੱਲ ਕਰਦੇ ਹਾਂ।

ਆਵਾਜ਼ੀ ਸਹਾਇਕ : ਸਿਰੀ, ਅਲੈਕਸਾ, ਗੂਗਲ ਅਸਿਸਟੈਂਟ, ਅਤੇ ਕੋਰਟਾਨਾ ਵਰਗੇ ਆਵਾਜ਼ੀ ਸਹਾਇਕ ਸਾਡੇ ਬੋਲਾਂ ਨੂੰ ਸਮਝਣ ਅਤੇ ਉਚਿਤ ਹੁੰਗਾਰਾ ਭਰਨ ਲਈ ਏ ਆਈ ਐਲਗੋਰਿਦਮ ਦੀ ਵਰਤੋਂ ਕਰਦੇ ਹਨ। ਉਹ ਸਾਡੇ ਹੁਕਮਾਂ ਦੀ ਪਾਲਣਾ ਕਰ ਸਕਦੇ ਹਨ, ਸਵਾਲਾਂ ਦੇ ਜਵਾਬ ਦੇ ਸਕਦੇ ਹਨ, ਜਾਣਕਾਰੀ ਮੁਹੱਈਆ ਕਰ ਸਕਦੇ ਹਨ ਅਤੇ ਸਾਡੇ ਘਰਾਂ ਵਿਚ ਮੌਜੂਦ ਸਮਾਰਟ ਯੰਤਰਾਂ ਨੂੰ ਕੰਟਰੋਲ ਕਰ ਸਕਦੇ ਹਨ।

ਸੋਸ਼ਲ ਮੀਡੀਆ ਤੇ ਵਰਤੋਂਕਾਰ ਦੀ ਮਨਪਸੰਦ ਸਮਗਰੀ ਸੰਬੰਧਤ ਸਿਫ਼ਾਰਸ਼ਾਂ : ਏ ਆਈ ਐਲਗੋਰਿਦਮ ਸੋਸ਼ਲ ਮੀਡੀਆ ਪਲੇਟਫਾਰਮਾਂ ਜਿਵੇਂ ਕਿ ਫੇਸਬੁਕ ਅਤੇ ਇੰਸਟਾਗ੍ਰਾਮ ਰਾਹੀਂ ਵਰਤੋਂਕਾਰ ਨੂੰ ਉਸ ਦੀ ਮਨਪਸੰਦ ਸਮਗਰੀ ਸੰਬੰਧੀ ਸੁਝਾਅ ਦੇ ਕੇ ਲਿਖਤਾਂ (ਪੋਸਟਾਂ) ਨੂੰ ਤਰਜੀਹ ਦੇ ਕੇ ਅਤੇ ਨਵੇਂ ਸੰਪਰਕਾਂ ਦੀ ਸਿਫ਼ਾਰਸ਼ ਕਰਕੇ ਸੇਵਾ ਕਰਦੇ ਹਨ। ਨੈਟਫਲਿਕਸ ਤੇ ਸਪੋਟੀਫਾਈ ਵਰਗੇ ਸਮਗਰੀ ਸਟ੍ਰੀਮਿੰਗ ਪਲੇਟਫਾਰਮ ਵਰਤੋਂਕਾਰਾਂ ਦੀਆਂ ਤਰਜੀਹਾਂ ਅਤੇ ਉਨ੍ਹਾਂ ਦੇ ਦੇਖਣ/ ਸੁਣਨ ਦੇ ਇਤਿਹਾਸ ਦੇ ਆਧਾਰ ਉੱਤੇ ਨਿੱਜੀ ਸਿਫ਼ਾਰਸ਼ਾਂ ਦੀ ਪੇਸ਼ਕਸ਼ ਕਰਨ ਲਈ ਏ ਆਈ ਦੀ ਵਰਤੋਂ ਕਰਦੇ ਹਨ।

ਵਰਚੁਅਲ ਪਰਸਨਲ ਸਟਾਈਲਿਸਟ: ਏ ਆਈ ਅਧਾਰਤ ਵਰਚੁਅਲ ਸਟਾਈਲਿਸਟ ਸਾਨੂੰ ਫੈਸ਼ਨ ਤੇ ਸਟਾਈਲ ਸੰਬੰਧੀ ਚੋਣ ਕਰਨ ਵਿਚ ਮਦਦ ਕਰਦੇ ਹਨ। ਇਹ ਸਿਸਟਮ ਵਰਤੋਂਕਾਰ ਦੀਆਂ ਪਸੰਦ, ਸਰੀਰਕ ਬਣਾਵਟ ਅਤੇ ਨਵੇਂ ਫੈਸ਼ਨ ਦੇ ਰੁਝਾਨਾਂ ਦਾ ਵਿਸ਼ਲੇਸ਼ਣ ਕਰਦੇ ਹੋਏ ਉਸ ਨੂੰ ਉਚਿਤ ਪਹਿਰਾਵੇ ਅਤੇ ਨਿੱਜੀ ਫੈਸ਼ਨ ਸਟਾਇਲ ਸੰਬੰਧੀ ਸਲਾਹ ਦਿੰਦੇ ਹਨ।

ਸਮਾਰਟ ਹੋਮ ਡਿਵਾਈਸ : ਥਰਮੋਸਟੈਟਸ, ਲਾਈਟਿੰਗ ਸਿਸਟਮ ਅਤੇ ਸੁਰੱਖਿਆ ਕੈਮਰੇ ਵਰਗੇ ਸਮਾਰਟ ਹੋਮ ਯੰਤਰ ਵੀ ਏ ਆਈ ਅਧਾਰਤ ਹੀ ਹੁੰਦੇ ਹਨ। ਇਹ ਯੰਤਰ ਵਰਤੋਂਕਾਰ ਦੀ ਪਸੰਦ ਅਨੁਸਾਰ ਯੰਤਰਾਂ ਨੂੰ ਸਵੈਚਲਿਤ ਤਰੀਕੇ ਨਾਲ ਚਲਾ ਕੇ ਅਤੇ ਵਧੀਆ ਸੁਰੱਖਿਆ ਸੇਵਾਵਾਂ ਉਪਲੱਬਧ ਕਰਾਉਣ ਲਈ ਏ ਆਈ ਦੀ ਵਰਤੋਂ ਕਰਦੇ ਹਨ।

ਨੇਵੀਗੇਸ਼ਨ ਅਤੇ ਨਕਸ਼ੇ: ਨੈਵੀਗੇਸ਼ਨ ਐਪਸ, ਜਿਵੇਂ ਕਿ ਗੂਗਲ ਮੈਪਸ ਤੇ ਵੇਜ਼ ਸਮੇਂ ਮੁਤਾਬਿਕ ਟ੍ਰੈਫਿਕ ਅੱਪਡੇਟ ਮੁਹੱਈਆ ਕਰਾਉਣ ਵਿਚ, ਰੁਕਾਵਟ ਮੁਕਤ ਉਚਿਤ ਰੂਟਾਂ ਦੀ ਦੱਸ ਪਾਉਣ ਵਿਚ ਅਤੇ ਮੰਜ਼ਲ ਤੱਕ ਪਹੁੰਚਣ ਲਈ ਲੱਗਣ ਵਾਲੇ ਸੰਭਾਵੀ ਸਮੇਂ ਦਾ ਅੰਦਾਜ਼ਾ ਲਗਾਉਣ ਲਈ ਏ ਆਈ ਐਲਗੋਰਿਦਮ ਦੀ ਵਰਤੋਂ ਕਰਦੇ ਹਨ। ਏ ਆਈ ਅਧਾਰਿਤ ਮੈਪ ਸੇਵਾਵਾਂ ਵਰਤੋਂਕਾਰ ਦੀ ਪਸੰਦਗੀ, ਉਸ ਦੁਆਰਾ ਇੰਨਰਨੈੱਟ ਉੱਤੇ ਕੀਤੇ ਗਏ ਖੋਜ ਕਾਰਜਾਂ ਦੇ ਇਤਿਹਾਸ ਦੇ ਆਧਾਰ ਉੱਤੇ ਨਜ਼ਦੀਕੀ ਦਿਲਚਸਪੀ ਵਾਲੀਆਂ ਥਾਵਾਂ ਦਾ ਸੁਝਾਅ ਦੇ ਸਕਦੀਆਂ ਹਨ।

ਗਾਹਕ-ਸੇਵਾ ਲਈ ਵਰਚੁਅਲ ਅਸਿਸਟੈਂਟ: ਬਹੁਤ ਸਾਰੀਆਂ ਕੰਪਨੀਆਂ ਏ ਆਈ ਅਧਾਰਤ ਚੈਟਬੋਟਸ ਅਤੇ ਗਾਹਕਾਂ ਨਾਲ ਗੱਲਬਾਤ ਲਈ ਵਰਚੁਅਲ ਅਸਿਸਟੈਂਟਸ ਦੀ ਵਰਤੋਂ ਕਰ ਰਹੀਆਂ ਹਨ। ਅਜਿਹੇ ਵਰਚੁਅਲ ਅਸਿਸਟੈਂਟ ਰੋਜ਼ਾਨਾ ਕੰਮਾਂ ਵਿਚ ਆਮ ਪੁੱਛਗਿੱਛ ਵਾਲੇ ਸਵਾਲਾਂ ਦਾ ਜਵਾਬ ਦੇ ਕੇ ਗਾਹਕ ਦੀ ਮਦਦ ਕਰਦੇ ਹਨ।

ਸਪੈਮ ਫਿਲਟਰ ਅਤੇ ਈਮੇਲ ਛਾਂਟੀ : ਏਆਈ ਅਣਚਾਹੀਆਂ ਈਮੇਲਾਂ ਨੂੰ ਛਾਂਟਣ, ਆਉਣ ਵਾਲੇ ਸੁਨੇਹਿਆਂ ਦੀ ਵੱਖ-ਵੱਖ ਸ਼੍ਰੇਣੀਆਂ ਵਿੱਚ ਵੰਡ ਕਰਨ ਅਤੇ ਤਰਜੀਹ ਦੇ ਅਧਾਰ ਉੱਤੇ ਈਮੇਲਾਂ ਦਾ ਸੰਗਠਨ ਵਿੱਚ ਮਦਦ ਕਰਦੀ ਹੈ। ਏ ਆਈ ਐਲਗੋਰਿਦਮ ਈਮੇਲਾਂ ਦੀ ਸਹੀ ਪਛਾਣ ਅਤੇ ਸ਼੍ਰੇਣੀਬੱਧ ਕਰਨ ਲਈ ਵਰਤੋਂਕਾਰ ਦੀਆਂ ਤਰਜੀਹਾਂ ਅਤੇ ਵਿਹਾਰ ਤੋਂ ਸਿੱਖਦੇ ਹਨ।

ਰਾਈਡ-ਸ਼ੇਅਰਿੰਗ ਤੇ ਫੂਡ ਡਿਲਿਵਰੀ ਐਪਸ: ਏ ਆਈ ਐਲਗੋਰਿਦਮ ਰਾਈਡ-ਸ਼ੇਅਰਿੰਗ ਸੇਵਾਵਾਂ, ਜਿਵੇਂ ਕਿ ਊਬਰ ਅਤੇ ਲਿਫਟ ਦੇ ਡਰਾਈਵਰਾਂ ਨੂੰ ਯਾਤਰੀਆਂ ਨਾਲ ਕੁਸ਼ਲਤਾ ਭਰਪੂਰ ਮੇਲ ਕਰਾਉਣਾ ਸੰਭਵ ਬਣਾਉਂਦੇ ਹਨ। ਫੂਡ ਡਲਿਵਰੀ ਐਪਸ ਵੀ, ਡਲਿਵਰੀ ਰੂਟਾਂ ਬਾਰੇ ਉਚਿਤ ਜਾਣਕਾਰੀ ਦੇਣ, ਡਲਿਵਰੀ ਸਮੇਂ ਦਾ ਅੰਦਾਜ਼ਾ ਲਗਾਉਣ ਅਤੇ ਇਸ ਸੇਵਾ ਦੀ ਕੁਸ਼ਲਤਾ ਨੂੰ ਬਿਹਤਰ ਬਣਾਉਣ ਲਈ ਏ ਆਈ ਦੀ ਵਰਤੋਂ ਕਰਦੇ ਹਨ।

ਭਾਸ਼ਾ ਅਨੁਵਾਦ : ਏ ਆਈ ਅਧਾਰਤ ਭਾਸ਼ਾ ਦਾ ਅਨੁਵਾਦ ਕਰਨ ਵਾਲੀਆਂ ਸੁਵਿਧਾਵਾਂ, ਜਿਵੇਂ ਕਿ ਗੂਗਲ ਟਰਾਂਸਲੇਟ, ਇੱਕ ਭਾਸ਼ਾ ਤੋਂ ਦੂਜੀ ਭਾਸ਼ਾ ਵਿੱਚ ਲਿਖਤਾਂ ਜਾਂ ਭਾਸ਼ਣ ਦਾ ਅਨੁਵਾਦ ਕਰਨ ਲਈ ਵਿਸ਼ੇਸ਼ ਐਲਗੋਰਿਦਮ ਦੀ ਵਰਤੋਂ ਕਰਦੇ ਹੋਏ ਵੱਖ-ਵੱਖ ਭਾਸ਼ਾਵਾਂ ਵਿੱਚ ਸੰਚਾਰ ਕਾਰਜਾਂ ਨੂੰ ਸੰਭਵ ਬਣਾਉਂਦੇ ਹਨ।

ਨਿੱਜੀ ਖਬਰਾਂ ਤੇ ਸਮਗਰੀ ਇਕੱਤਰੀਕਰਨ : ਏ ਆਈ ਅਧਾਰਤ ਨਿਊਜ਼ ਐਗਰੀਗੇਟਰ ਅਤੇ ਸਮਗਰੀ ਕਿਊਰੇਸ਼ਨ ਪਲੇਟਫਾਰਮ ਵਿਅਕਤੀ ਦੀਆਂ ਰੁਚੀਆਂ, ਪਸੰਦਗੀ ਅਤੇ ਪੜ੍ਹਨ ਦੀਆਂ ਆਦਤਾਂ ਦੇ ਆਧਾਰ ਉੱਤੇ ਖਬਰਾਂ, ਲੇਖ, ਬਲੌਗ ਅਤੇ ਹੋਰ ਸਮਗਰੀ ਨੂੰ ਉਸ ਤੱਕ ਪਹੁੰਚਾਉਂਦੇ ਹਨ।

ਏ ਆਈ ਅਧਾਰਤ ਉਤਪਾਦਾਂ ਦੀ ਰੋਜ਼ਾਨਾ ਜੀਵਨ ਵਿਚ ਵਰਤੋਂ ਦੀਆਂ ਇਹ ਕੁਝ ਕੁ ਉਦਾਹਰਣਾਂ ਹਨ। ਸਾਡੇ ਰੋਜ਼ਾਨਾ ਜੀਵਨ ਵਿੱਚ ਏ ਆਈ ਦੀ ਵਰਤੋਂ ਨੇ ਸਾਡੀਆਂ ਸਹੂਲਤਾਂ ਵਿਚ ਵਾਧਾ ਕੀਤਾ ਹੈ ਤੇ ਇਹ ਵਾਧਾ ਲਗਾਤਾਰ ਜਾਰੀ ਵੀ ਹੈ।

ਪੰਜਾਬੀ ਸੱਭਿਆਚਾਰ ਦੇ ਕੁਝ ਮੁੱਖ ਗੁਣ

ਪੰਜਾਬੀ ਸੱਭਿਆਚਾਰ ਭਰਪੂਰਤਾ ਅਤੇ ਵੰਨ-ਸੁਵੰਨਤਾ ਵਾਲਾ ਹੈ। ਕਈ ਵਿਲੱਖਣ ਗੁਣ ਇਸ ਦੀ ਪਛਾਣ ਨੂੰ ਦਰਸਾਉਂਦੇ ਹਨ। ਪੰਜਾਬੀ ਸੱਭਿਆਚਾਰ ਦੀਆਂ ਕੁਝ ਮੁੱਖ ਵਿਸ਼ੇਸ਼ਤਾਵਾਂ ਇੰਝ ਹਨ:

ਪ੍ਰਾਹੁਣਚਾਰੀ: ਪੰਜਾਬੀ ਲੋਕ ਨਿੱਘੀ ਪ੍ਰਾਹੁਣਚਾਰੀ ਅਤੇ ਉਦਾਰਤਾ ਲਈ ਜਾਣੇ ਜਾਂਦੇ ਹਨ। ਮਹਿਮਾਨਾਂ ਦਾ ਬਹੁਤ ਆਦਰ ਭਰਿਆ ਵਿਵਹਾਰ ਕੀਤਾ ਜਾਂਦਾ ਹੈ ਅਤੇ ਉਹਨਾਂ ਨੂੰ ਅਕਸਰ ਭੋਜਨ, ਪੀਣ ਵਾਲੇ ਪਦਾਰਥ ਅਤੇ ਸੁਆਗਤੀ ਵਾਤਾਵਰਣ ਪੇਸ਼ ਕੀਤਾ ਜਾਂਦਾ ਹੈ। 'ਆਤਿਥੀ ਦੇਵੋ ਭਵ' (ਮਹਿਮਾਨ ਨੂੰ ਦੇਵਤਿਆਂ ਵਰਗਾ ਮਹੱਤਵ) ਦਾ ਸੰਕਲਪ ਪੰਜਾਬੀ ਸੱਭਿਆਚਾਰ ਵਿੱਚ ਡੂੰਘਾ ਹੈ।

ਖੁਸ਼ੀਆਂ-ਖੇੜਿਆਂ ਭਰੇ ਤਿਉਹਾਰ : ਪੰਜਾਬੀ ਸੱਭਿਆਚਾਰ ਆਪਣੇ ਖੁਸ਼ੀਆਂ-ਖੇੜਿਆਂ ਭਰੇ ਤਿਉਹਾਰਾਂ ਲਈ ਮਸ਼ਹੂਰ ਹੈ। ਵਿਸਾਖੀ, ਲੋਹੜੀ ਅਤੇ ਦੀਵਾਲੀ ਕੁਝ ਪ੍ਰਮੁੱਖ ਤਿਉਹਾਰ ਹਨ, ਜੋ ਬਹੁਤ ਉਤਸ਼ਾਹ ਨਾਲ ਮਨਾਏ ਜਾਂਦੇ ਹਨ। ਇਹਨਾਂ ਜਸ਼ਨਾਂ ਵਿੱਚ ਅਕਸਰ ਮਨਮੋਹਕ ਸੰਗੀਤ, ਭੰਗੜਾ ਅਤੇ ਗਿੱਧਾ ਵਰਗੇ ਚੁਸਤੀ-ਫੁਰਤੀ ਭਰੇ ਨਾਚ ਅਤੇ ਸੁਆਦ ਭਰਪੂਰ ਦਾਅਵਤਾਂ ਸ਼ਾਮਲ ਹੁੰਦੀਆਂ ਹਨ।

ਸੰਗੀਤ ਤੇ ਨਾਚ : ਸੰਗੀਤ ਅਤੇ ਨੱਚਣਾ-ਟੱਪਣਾ ਪੰਜਾਬੀ ਸੱਭਿਆਚਾਰ ਵਿੱਚ ਮਹੱਤਵਪੂਰਨ ਸਥਾਨ ਰੱਖਦੇ ਹਨ। ਭੰਗੜਾ ਅਤੇ ਗਿੱਧਾ, ਦੋ ਬਹੁਤ ਹੀ ਫੁਰਤੀ ਭਰਪੂਰ ਨਾਚ ਹਨ। ਇਹ ਨਾਚ ਚੁਸਤੀ ਭਰਪੂਰ ਚਾਲਾਂ ਅਤੇ ਰਵਾਇਤੀ ਸੰਗੀਤ ਦੇ ਨਾਲ ਨੱਚੇ ਜਾਂਦੇ ਹਨ। ਨਾਚ ਨਾਲ ਗਾਏ ਜਾਂਦੇ ਗੀਤਾਂ ਦੇ ਅਰਥ-ਭਰਪੂਰ ਬੋਲਾਂ ਤੇ ਜੋਸ਼ ਭਰਪੂਰ ਤਾਲਾਂ ਨਾਲ ਪੰਜਾਬੀ ਸੰਗੀਤ ਨੇ ਦੁਨੀਆ ਭਰ ਵਿੱਚ ਪ੍ਰਸਿੱਧੀ ਹਾਸਲ ਕੀਤੀ ਹੈ।

ਭੋਜਨ ਤੇ ਪਕਵਾਨ : ਪੰਜਾਬੀ ਖਾਣੇ ਆਪਣੇ ਲਜੀਜ਼ ਸੁਆਦਾਂ ਅਤੇ ਦਿਲਕਸ਼ ਪਕਵਾਨਾਂ ਲਈ ਮਸ਼ਹੂਰ ਹਨ। ਰੋਟੀ, ਦਾਲ ਅਤੇ ਸਬਜ਼ੀ ਤੋਂ ਇਲਾਵਾ ਬਟਰ ਚਿਕਨ, ਸਰ੍ਹੋਂ ਦਾ ਸਾਗ ਅਤੇ ਮੱਕੀ ਦੀ ਰੋਟੀ ਵਰਗੇ ਪਕਵਾਨ ਪੰਜਾਬੀਆਂ ਦਾ ਮਨਪਸੰਦ ਖਾਣਾ ਹੈ। ਪੰਜਾਬੀ ਪਕਵਾਨਾਂ ਵਿਚ ਮਸਾਲਿਆਂ ਅਤੇ ਡੇਅਰੀ ਉਤਪਾਦਾਂ ਦੀ ਵਰਤੋਂ ਅਕਸਰ ਖੁੱਲ੍ਹੇ ਦਿਲ ਨਾਲ ਕੀਤੀ ਜਾਂਦੀ ਹੈ।

ਖੇਤੀਬਾੜੀ ਤੇ ਪੇਂਡੂ ਵਿਰਸਾ : ਪੰਜਾਬੀ ਸੱਭਿਆਚਾਰ ਦੀਆਂ ਜੜ੍ਹਾਂ ਇਸ ਦੇ ਖੇਤੀਬਾੜੀ ਅਧਾਰ ਵਿਚ ਡੂੰਘੀਆਂ ਖੁੱਭੀਆਂ ਹੋਈਆ ਹਨ। ਪੰਜਾਬ ਨੂੰ ਆਪਣੀ ਉਪਜਾਊ ਜ਼ਮੀਨ ਅਤੇ ਖੇਤੀ ਉਤਪਾਦਕਤਾ ਕਾਰਨ ਅਕਸਰ 'ਭਾਰਤ ਦਾ ਅਨਾਜ ਭੰਡਾਰ' ਕਿਹਾ ਜਾਂਦਾ ਹੈ। ਰਵਾਇਤੀ ਪ੍ਰਥਾਵਾਂ, ਲੋਕ ਗੀਤ ਅਤੇ ਤਿਉਹਾਰ ਆਮ ਤੌਰ ਉੱਤੇ ਖੇਤੀਬਾੜੀ ਦੇ ਮੌਸਮਾਂ ਅਤੇ ਗਤੀਵਿਧੀਆਂ ਦੇ ਦੁਆਲੇ ਕੇਂਦਰਤ ਹੁੰਦੇ ਹਨ।

ਮਜ਼ਬੂਤ ਪਰਵਾਰਕ ਕਦਰਾਂ-ਕੀਮਤਾਂ: ਪਰਵਾਰ ਪੰਜਾਬੀ ਸੱਭਿਆਚਾਰ ਵਿੱਚ ਕੇਂਦਰੀ ਭੂਮਿਕਾ ਨਿਭਾਉਂਦਾ ਹੈ ਅਤੇ ਮਜ਼ਬੂਤ ਪਰਵਾਰਕ ਬੰਧਨਾਂ ਦੀ ਬਹੁਤ ਕਦਰ ਕੀਤੀ ਜਾਂਦੀ ਹੈ। ਬਜ਼ੁਰਗਾਂ ਦਾ ਆਦਰ, ਨੌਜਵਾਨ ਪੀੜ੍ਹੀ ਦੀ ਦੇਖਭਾਲ ਅਤੇ ਸਮੂਹਿਕ ਫੈਸਲੇ ਲੈਣਾ ਪੰਜਾਬੀ ਪਰਵਾਰਕ ਜੀਵਨ ਦੇ ਜ਼ਰੂਰੀ ਪਹਿਲੂ ਹਨ।

ਧਾਰਮਕ ਵਿਭਿੰਨਤਾ : ਪੰਜਾਬ ਸਿੱਖ ਧਰਮ, ਹਿੰਦੂ ਧਰਮ, ਇਸਲਾਮ ਅਤੇ ਈਸਾਈਅਤ ਸਮੇਤ ਵੱਖ-ਵੱਖ ਧਰਮਾਂ ਨੂੰ ਮੰਨਣ ਵਾਲੇ ਲੋਕਾਂ ਦਾ ਘਰ ਹੈ। ਧਾਰਮਕ ਵਿਭਿੰਨਤਾ ਪੰਜਾਬੀ ਸੱਭਿਆਚਾਰ ਦਾ ਇੱਕ ਮਹੱਤਵਪੂਰਨ ਪਹਿਲੂ ਹੈ ਅਤੇ ਵੱਖ-ਵੱਖ ਧਰਮਾਂ ਦੇ ਲੋਕ ਇਸ ਖੇਤਰ ਦੇ ਸੱਭਿਆਚਾਰਕ ਤਾਣੇ-ਬਾਣੇ ਵਿੱਚ ਯੋਗਦਾਨ ਪਾਉਂਦੇ ਹੋਏ ਪਿਆਰ ਭਰੀ ਸੁਮੇਲਤਾ ਨਾਲ ਇਕੱਠੇ ਰਹਿੰਦੇ ਹਨ।

ਮਾਰਸ਼ਲ ਪਰੰਪਰਾਵਾਂ : ਪੰਜਾਬੀ ਸੱਭਿਆਚਾਰ ਵਿੱਚ ਜੰਗੀ ਪਰੰਪਰਾ ਦਾ ਇਕ ਲੰਮਾ ਇਤਹਾਸ ਹੈ। ਪੰਜਾਬੀ ਯੋਧਿਆਂ ਦੀ ਦਲੇਰੀ ਅਤੇ ਬਹਾਦਰੀ ਨੂੰ ਲੋਕ ਕਥਾਵਾਂ, ਗੀਤਾਂ ਅਤੇ ਸੱਭਿਆਚਾਰਕ ਪੇਸ਼ਕਾਰੀਆਂ ਵਿੱਚ ਸ਼ਾਨਦਾਰ ਸਥਾਨ ਹਾਸਲ ਹੈ। ਮਾਰਸ਼ਲ ਆਰਟਸ, ਜਿਵੇਂ ਕਿ ਗੱਤਕਾ ਇੱਕ ਪਰੰਪਰਾਗਤ ਸਿੱਖ ਮਾਰਸ਼ਲ ਆਰਟ ਫਾਰਮ ਹੈ, ਜੋ ਪੰਜਾਬੀ ਯੋਧਿਆਂ ਦੀ ਤਾਕਤ ਅਤੇ ਸਾਹਸ ਦਾ ਪ੍ਰਦਰਸ਼ਨ ਕਰਦਾ ਹੈ।

ਇਹ ਕੁਝ ਪ੍ਰਮੁੱਖ ਲੱਛਣ ਹਨ, ਜੋ ਪੰਜਾਬੀ ਸੱਭਿਆਚਾਰ ਨੂੰ ਵਿਭਿੰਨ ਪੱਖਾਂ ਨੂੰ ਦਰਸਾਉਂਦੇ ਹਨ। ਇਹ ਜਾਨਣਾ ਵੀ ਮਹੱਤਵਪੂਰਨ ਹੈ ਕਿ ਪੰਜਾਬੀ ਸੱਭਿਆਚਾਰ, ਪੰਜਾਬ ਦੇ ਵੱਖ-ਵੱਖ ਖੇਤਰਾਂ ਅਤੇ ਭਾਈਚਾਰਿਆਂ ਵਿੱਚ ਥੋੜ੍ਹੀ ਬਹੁਤ ਵਿਭਿੰਨਤਾ ਭਰਿਆ ਵੀ ਹੈ।

ਪੰਜਾਬੀ ਸੱਭਿਆਚਾਰ ਦੀ ਪ੍ਰਫੁਲਤਾ 'ਚ ਏ ਆਈ ਦਾ ਯੋਗਦਾਨ

ਏ ਆਈ ਨੇ ਭਿੰਨ-ਭਿੰਨ ਤਰੀਕਿਆਂ ਨਾਲ ਪੰਜਾਬੀ ਸੱਭਿਆਚਾਰ ਨੂੰ ਪ੍ਰਭਾਵਤ ਕਰਨਾ ਸ਼ੁਰੂ ਕਰ ਦਿੱਤਾ ਹੈ। ਹੇਠ ਲਿਖੇ ਕੁਝ ਕੁ ਤਰੀਕਿਆਂ ਨਾਲ ਏ ਆਈ ਪੰਜਾਬੀ ਸੱਭਿਆਚਾਰ ਦੀ ਪ੍ਰਫੁੱਲਤਾ ਵਿਚ ਆਪਣਾ ਯੋਗਦਾਨ ਪਾ ਰਿਹਾ ਹੈ।

ਭਾਸ਼ਾ ਤੇ ਸੰਚਾਰ: ਪੰਜਾਬੀ ਭਾਸ਼ਾ ਦੇ ਵਿਕਾਸ ਲਈ ਏ ਆਈ ਅਧਾਰਤ ਭਾਸ਼ਾ ਪ੍ਰੋਸੈਸਿੰਗ ਤਕਨੀਕਾਂ ਖੋਜੀਆਂ ਜਾ ਰਹੀਆਂ ਹਨ। ਇਨ੍ਹਾਂ ਤਕਨੀਕਾਂ ਵਿਚ ਪੰਜਾਬੀ ਵਿੱਚ ਸਵੈਚਲਿਤ ਅਨੁਵਾਦ ਪ੍ਰਣਾਲੀ, ਆਵਾਜ਼ ਦੀ ਪਛਾਣ ਅਤੇ ਟੈਕਸਟ-ਟੂ-ਸਪੀਚ ਸਿੰਥੇਸਿਸ ਸ਼ਾਮਲ ਹਨ। ਅਜਿਹੀਆਂ ਸੁਵਿਧਾਵਾਂ ਦੇ ਵਿਕਾਸ ਨਾਲ ਆਮ ਲੋਕਾਂ ਲਈ ਪੰਜਾਬੀ ਭਾਸ਼ਾ ਵਿਚ ਸੰਚਾਰ ਕਾਰਜ ਕਰਨਾ, ਜਾਣਕਾਰੀ ਹਾਸਲ ਕਰਨਾ ਅਤੇ ਪੰਜਾਬੀ ਲਿਖਤਾਂ ਦੀ ਉਪਲੱਬਧੀ ਆਸਾਨ ਹੋ ਰਹੀ ਹੈ।

ਸੱਭਿਆਚਾਰਕ ਸੰਭਾਲ ਤੇ ਪੁਰਾਲੇਖ : ਏ ਆਈ ਅਧਾਰਤ ਤਕਨਾਲੋਜੀ ਪੰਜਾਬੀ ਸੱਭਿਆਚਾਰਕ ਕਲਾਕ੍ਰਿਤੀਆਂ ਅਤੇ ਵਿਰਸੇ ਨੂੰ ਸੰਭਾਲਣ ਵਿੱਚ ਸਹਾਇਤਾ ਕਰ ਸਕਦੀਆਂ ਹਨ। ਉੱਨਤ ਇਮੇਜਿੰਗ ਟੈਕਨਾਲੋਜੀ, ਜਿਵੇਂ ਕਿ ਕੰਪਿਊਟਰ ਵਿਜ਼ਨ, ਇਤਿਹਾਸਕ ਦਸਤਾਵੇਜ਼ਾਂ, ਫੋਟੋਆਂ, ਆਰਟਵਰਕ ਅਤੇ ਹੋਰ ਸੱਭਿਆਚਾਰਕ ਕਲਾਕ੍ਰਿਤੀਆਂ ਨੂੰ ਡਿਜੀਟਾਈਜ਼ ਕਰਨ ਅਤੇ ਉਨ੍ਹਾਂ ਦਾ ਵਰਗੀਕਰਨ ਕਰਨ ਵਿੱਚ ਮਦਦ ਕਰ ਸਕਦੀਆਂ ਹਨ। ਇੰਝ ਇਹ ਤਕਨਾਲੋਜੀ ਭਵਿੱਖ ਦੀਆਂ ਪੀੜ੍ਹੀਆਂ ਲਈ ਵਿਰਸੇ ਨੂੰ ਸੰਭਾਲਣ ਵਿਚ ਮਦਦ ਕਰਦੀ ਹੈ।

ਡਿਜੀਟਲ ਮੀਡੀਆ ਤੇ ਮਨੋਰੰਜਨ: ਏ ਆਈ ਡਿਜੀਟਲ ਮੀਡੀਆ ਅਤੇ ਮਨੋਰੰਜਨ ਦੇ ਖੇਤਰ ਵਿੱਚ ਅਹਿਮ ਭੂਮਿਕਾ ਨਿਭਾ ਰਿਹਾ ਹੈ, ਜਿਸ ਦੀ ਬਦੌਲਤ ਪੰਜਾਬੀ ਗਾਇਕਾਂ ਅਤੇ ਕਲਾ